Postal No.-- CHD/0111/2015-17

Regd No. 32212/78

# ਲੁਬਾਣਾ ਸੇਵਕ

ਨਵੰਬਰ 2017 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਲੱਖ-ਲੱਖ ਵਧਾਈਆਂ !



ਹਿੰਦ ਕੋ ਏਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ

## ਧੰਨ ਨਾਨਕ ਤੇਰੀ ਵੱਡੀ ਕਮਾਈ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ ...

# ਧੰਨ ਨਾਨਕ ਤੇਰੀ ਵੱਡੀ ਕਮਾਈ



ਬਟਾਲੇ ਵਿੱਚ ਸ਼ਿਵਜੀ ਮਹਾਰਾਜ ਦੇ ਵੱਡੇ ਸਪੁੱਤਰ"ਕਾਰਤਿਕ ਦਾ ਇਕ ਬਹੁਤ ਪੁਰਾਤਨ ਮੰਦਰ ਸਸ਼ੋਭਿਤ ਹੈ। ਇਹ ਸਰੋਵਰ ਦੇ ਵਿਚਕਾਰ ਬਣਿਆ ਬੜਾ ਹੀ ਖ਼ੂਬਸੂਰਤ ਮੰਦਰ ਹੈ। ਇਸ ਦੇ ਅੰਦਰ ਮਿਥਿਹਾਸਕ ਦੇਵੀ ਦੇਵਤਿਆਂ ਦੇ ਅਨੇਕ ਕੰਧ ਚਿੱਤਰ ਬਣੇ ਹੋਏ ਹਨ। ਇਸ ਮੰਦਰ ਵਿੱਚ ਹਰ ਸਾਲ ਦੀਵਾਲੀ ਤੋਂ ਨੌਂਵੇਂ ਦਿਨ ਬੜਾ ਭਾਰੀ ਮੇਲਾ ਲੱਗਦਾ ਹੈ। ਇਸ ਮੇਲੇ ਵਿੱਚ ਵੱਖ-ਵੱਖ ਮੱਤਾਂ ਮੱਤਾਤਰਾਂ ਦੇ ਸਾਧੂ ਸੰਤ ਆਉਂਦੇ ਸਨ। ਇਸੇ ਮੇਲੇ ਵਿੱਚ ਪੁਰਾਤਨ ਸਮੇਂ ਵਿੱਚ ਸਿੱਖ ਵੀ ਆ ਕੇ ਆਮ ਜਨਤਾ ਨੂੰ ਆਪਣੇ ਕਰਤੱਵ ਵਿਖਾਉਂਦੇ ਸਨ ਤੇ ਉਨ੍ਹਾਂ ਦੀ ਵਾਹ-ਵਾਹ ਪ੍ਰਾਪਤ ਕਰਦੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਇਕ ਵਾਰ ਇਸ ਮੇਲੇ ਤੇ ਇਸ ਅਸਥਾਨ ਤੇ ਆਏ ਅਤੇ ਭਾਈ ਬਾਲਾ ਤੇ ਮਰਦਾਨਾ ਸਮੇਤ ਇਕ ਬੇਰੀ ਦੇ ਰੁੱਖ ਹੇਠ ਬਿਰਾਜ ਗਏ। ਇਹ ਬੇਰੀ ਦਾ ਰੁੱਖ ਅੱਜ ਵੀ ਗੁਰੂ ਸਾਹਿਬ ਜੀ ਦੀ ਯਾਦ ਵਿੱਚ ਅਜੇ ਤੱਕ ਮੌਜੂਦ ਹੈ। ਇਸ ਭਰੇ ਹੋਏ ਮੇਲੇ ਵਿੱਚ ਸਿੱਖਾਂ ਵਲੋਂ ਵਿਖਾਏ ਜਾਣ ਵਾਲੇ ਕੌਤਕਾਂ ਨੂੰ ਵੇਖ ਕੇ ਆਮ ਜਨਤਾ ਬੜੀ ਮਾਇਆ ਭੇਟ ਕਰਨ ਲੱਗ ਪਈ। ਭਾਈ ਮਰਦਾਨਾ ਨੇ ਗੁਰੂ ਸਾਹਿਬ ਜੀ ਦੇ ਕਹਿਣ ਤੇ ਰਬਾਬ ਛੇੜੀ ਤੇ ਰੱਬੀ ਕੀਰਤਨ ਸ਼ੁਰੂ ਹੋ ਗਿਆ। ਰੱਬੀ ਬਾਣੀ ਦਾ ਕੀਰਤਨ ਸੰਗਤਾਂ ਦੇ ਮਨਾਂ ਨੂੰ ਐਨਾ ਮੋਹਣਾ ਲੱਗਾ ਕਿ ਮੇਲੇ ਦੀ ਚੋਖੀ ਸੰਗਤ ਜੋਗੀ ਸਿੱਧਾਂ ਦਾ ਮੇਲਾ ਛੱਡ ਕੇ ਗੁਰੂ ਜੀ ਦਾ ਕੀਰਤਨ ਸੁਨਣ ਲੱਗ ਪਈ। ਸਿੱਧਾਂ ਦੇ ਸਥਾਨ ਖਾਲੀ ਹੋ ਗਏ ਤਾਂ ਸਿੱਧਾਂ ਨੇ ਬੜਾ ਗੁੱਸਾ ਕੀਤਾ। ਸਿੱਧ ਆਪਣੀਆਂ ਡੀਗਾਂ ਮਾਰਦੇ ਹੋਏ ਸੰਗਤਾਂ ਨੂੰ ਕਹਿ ਰਹੇ ਸਨ ਕਿ ਸਾਨੂੰ ਅੰਤਰ ਯਾਮਤਾ ਆਈ ਹੋਈ ਹੈ ਅਤੇ ਅਸੀਂ ਸਭ ਕੁਝ ਵੇਖ ਸਕਦੇ ਹਾਂ ਸਾਡੇ ਕੋਲ ਰਿੱਧੀਆਂ ਸਿੱਧੀਆਂ ਵੀ ਹਨ। ਗੁਰੂ ਸਾਹਿਬ ਜੀ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ ਕਿ ਸਿੱਧਾਂ ਦਾ ਪੈਸਿਆਂ ਦਾ ਭਰਿਆ ਹੋਇਆ ਲੋਟਾ ਚੁੱਕ ਕੇ ਲੁਕਾ ਦੇ। ਮਰਦਾਨੇ ਨੇ ਲੋਟਾ ਚੁੱਕਿਆ ਤੇ ਕਿਸੇ ਥਾਂ ਤੇ ਛੁਪਾ ਦਿੱਤਾ। ਜਦੋਂ ਸਿੱਧਾਂ ਨੂੰ ਪਤਾ ਲੱਗਾ ਤਾਂ ਉਹ ਬੜੇ ਗੁੱਸੇ ਵਿੱਚ ਆ ਕੇ ਚੰਗਾ ਮੰਦਾ ਬੋਲ ਬੋਲਣ ਲੱਗ ਪਏ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਅੰਤਰਯਾਮੀ ਹੋ ਇਸ ਲਈ ਆਪਣਾ ਲੋਟਾ ਲੱਭ ਲਵੋ। ਸਿਧਾਂ ਨੇ ਬੜੇ ਯਤਨ ਕੀਤੇ ਪਰ ਸਭ ਅਸਫਲ ਹੀ ਰਹੇ। ਅੰਤ ਗੁਰੂ ਜੀ ਨੇ ਸਿੱਧਾਂ ਦਾ ਲੁਕਾਇਆ ਹੋਇਆ ਲੋਟਾ ਉਨ੍ਹਾਂ ਨੂੰ ਦੇ ਕੇ ਕਿਹਾ ਕਿ ਐਵੇਂ ਫੋਕੀਆਂ ਡੀਂਗਾਂ ਨਹੀਂ ਮਾਰੀਦੀਆਂ। ਸਿੱਧਾਂ ਨੇ ਇਸ ਗੱਲ ਦੀ ਬੜੀ ਖ਼ੁਣਸ ਖਾਧੀ ਤੇ ਗੁਰੂ ਸਾਹਿਬ ਜੀ ਨਾਲ ਗਿਆਨ ਚਰਚਾ ਕਰਨ ਲੱਗ ਪਏ। ਸਿੱਧਾਂ ਦਾ ਮੁੱਖੀ ਭੰਗਰ ਨਾਥ ਗੁਰੂ ਸਾਹਿਬ ਜੀ ਨੂੰ ਕਹਿਣ ਲੱਗਾ ਕਿ ਇਥੇ ਆ ਕੇ ਕਿਉਂ ਦੁੱਧ ਵਿੱਚ ਕਾਂਜੀ ਪਾਈ ਹੈ ਜਿਸ ਕਾਰਨ ਸਾਰਾ ਦੁੱਧ ਫੱਟ ਗਿਆ ਹੈ ਅਤੇ ਮੱਖਣ ਸਾਡੇ ਹੱਥ ਨਹੀਂ ਆ ਰਿਹਾ ਭਾਵ ਕਿ ਤੂੰ ਇਥੇ ਆ ਕੇ ਸਾਡੇ ਰੰਗ ਵਿੱਚ ਭੰਗ ਪਾ ਦਿੱਤੀ ਹੈ ਤੇ ਸਾਰਾ ਸਾਡਾ ਕੰਮ ਵਿਗਾੜ ਦਿੱਤਾ ਹੈ। ਤੂੰ ਗ੍ਰਹਿਸਥੀ ਹੋ ਕੇ ਸੰਸਾਰੀ ਰੀਤ ਛੱਡ ਕੇ ਉਦਾਸੀਆਂ ਵਾਲੀ ਰੀਤ ਚਲਾ ਰਿਹਾ ਹੈ।

ਗੁਰੂ ਸਾਹਿਬ ਜੀ ਨੇ ਇਸ ਦੇ ਉਤਰ ਵਿੱਚ ਜੋਗੀ ਭੰਗਰ ਨਾਥ ਨੂੰ ਕਿਹਾ ਕਿ ਤੇਰੀਆਂ ਭਾਵ ਤੇਰਾ ਗੁਰੂ ਗੋਰਖਨਾਥ ਨੇ ਚੰਗਾ ਕੰਮ ਨਹੀਂ ਕੀਤਾ ਉਸ ਨੇ ਤੇਰੇ ਸਰੀਰ ਰੂਪੀ ਭਾਂਡੇ ਨੂੰ ਸਾਫ ਕਰਨ ਤੋਂ ਬਿਨਾ ਹੀ ਇਸ ਵਿੱਚ ਦੁੱਧ ਪਾ ਦਿੱਤਾ ਹੈ। ਇਸ ਕੁਚੱਜ ਕਰਕੇ ਤੇਰੇ ਅੰਦਰ ਨਾਮ ਰੂਪੀ ਅੰਮ੍ਰਿਤ ਫਲ ਸੜ ਗਿਆ ਹੈ। ਜੇਕਰ ਉਹ ਪਹਿਲਾਂ ਤੇਰੇ ਸਰੀਰ ਰੂਪੀ ਭਾਂਡੇ ਨੂੰ ਸਾਫ ਕਰਕੇ ਨਾਮ ਰੂਪੀ ਅੰਮ੍ਰਿਤ ਪਾਉਂਦਾ ਤਾ ਉਸ ਦਾ ਕੋਈ ਹੋਰ ਹੀ ਸਵਾਦ ਹੋਣਾ ਸੀ। ਤੁਸੀਂ ਗ੍ਰਹਿਸਥ ਤਿਆਗ ਕੇ ਅਤੀਤ ਭਾਵ ਸੰਨਿਆਸੀ ਹੁੰਦੇ ਹੋ ਪਰ ਗ੍ਰਹਿਸਥੀਆਂ ਦੀ ਨਿੰਦਾ ਕਰਦੇ ਹੋ ਫਿਰ ਖਾਣ ਪੀਣ ਦੇ ਸਮਾਨ ਲਈ ਉਨ੍ਹਾਂ ਦੇ ਘਰ ਹੀ ਮੰਗਣ ਲਈ ਚਿੱਪੀ ਫੜ ਕੇ ਜਾਂਦੇ ਹੋ ਜੋ ਕਿ ਤੁਹਾਨੂੰ ਸੋਭਾ ਨਹੀਂ ਦਿੰਦਾ।

ਏਨੀ ਗਲ ਸੁਣ ਕੇ ਸਾਰੇ ਸਿੱਧ ਬੜੇ ਗੁੱਸੇ ਵਿੱਚ ਆ ਗਏ ਤੇ ਆਪਣੇ ਯੋਗ ਬਲ ਨਾਲ ਕਈ ਤਰ੍ਹਾਂ ਦੇ ਰੂਪ ਬਣਾ ਕੇ ਕੋਈ ਅਸਮਾਨ ਵਲ ਨੂੰ ਉਡ ਗਿਆ, ਕੋਈ ਜੰਤਰ ਮੰਤਰ ਕਰਕੇ ਪੰਛੀਆਂ ਵਾਂਗ ਉਡਣ ਲੱਗਾ, ਕੋਈ ਬਘਿਆੜ ਰੂਪ ਧਾਰ ਕੇ ਡਰਾਉਣ ਲੱਗਾ, ਕੋਈ ਭਿਅੰਕਰ ਸੱਪ ਦਾ ਰੂਪ ਧਾਰ ਕੇ ਲੋਕਾਂ ਦੇ ਪਿਛੇ ਭੱਜਣ ਲੱਗਾ, ਕਿਸੇ ਨੇ ਬਦਲਾਂ ਤੋਂ ਬਿਨਾਂ ਹੀ ਬੜੀ ਭਾਰੀ ਅਗਨੀ ਵਰਖਾ ਕੀਤੀ, ਕੋਈ ਕਾਲੀ ਬੋਲੀ ਹਨੇਰੀ ਚਲਾਉਣ ਲੱਗਾ,¢ ਭੰਗਰਨਾਥ ਨੇ ਤਾਂ ਕਿਲਕਾਰੀ ਮਾਰ ਕੇ ਅਸਮਾਨ ਤੋਂ ਤਾਰੇ ਵੀ ਤੋੜ ਲਿਆਂਦੇ, ਕਈ ਯੋਗੀ ਪਾਣੀ ਉੱਤੇ ਤੁਰਨ ਲੱਗ ਪਏ। ਮੇਲੇ ਵਿੱਚ ਆਈ ਸੰਗਤ ਬੜੀ ਭੈ ਭੀਤ ਹੋ ਗਈ। ਇੰਜ ਆਪਣੀਆਂ ਕਰਾਮਤਾਂ ਵਿਖਾਉਣ ਲੱਗ ਪਏ।

ਇਹ ਵੀ ਆਖਿਆ ਜਾਂਦਾ ਹੈ ਕਿ ਜਦੋਂ ਕਿਸੇ ਤਰੀਕੇ ਵੀ ਯੋਗੀ ਆਪਣੀਆਂ ਕਰਾਮਤਾਂ ਦਿਖਾਉਣ ਤੋਂ ਨਾ ਹਟੇ ਤਾਂ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਤਾਂ ਬੜੇ ਪਿਆਰ ਨਾਲ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਅੰਤ ਜਦੋਂ ਉਹ ਨਾ ਮੰਨੇ ਤਾਂ ਗੁਰੂ ਸਾਹਿਬ ਜੀ ਨੇ ਆਪਣੀ ਖੜਾਊਂ ਨੂੰ ਇਸ਼ਾਰਾ ਕੀਤਾ। ਗੁਰੂ ਸਾਹਿਬ ਜੀ ਦੀ ਖੜਾਵ ਅਸਮਾਨ ਵਿੱਚ ਉੱਡੀ ਤੇ ਅਸਮਾਨ ਵਿੱਚ ਉਡ ਰਹੇ ਸਿਧਾਂ ਦੇ ਸਿਰਾਂ ਵਿੱਚ ਵੱਜੀ ਉਹ ਬੜੇ ਸ਼ਰਮਿੰਦੇ ਹੋਏ ਹੇਠਾਂ ਆ ਕੇ ਮੁਆਫੀ ਮੰਗਣ ਲੱਗੇ ਜਿਨ੍ਹਾਂ ਨੇ ਆਪਣੇ ਭੇਸ਼ ਬਣਾਏ ਹੋਏ ਸਨ ਤਾਂ ਉਨ੍ਹਾਂ ਨੂੰ ਵੀ ਸਬਕ ਸਿਖਾ ਕੇ ਖੜਾਵ ਗੁਰੂ ਜੀ ਪਾਸ ਵਾਪਸ ਆ ਗਈ। ਹੁਣ ਸਾਰੇ ਸਿੱਧ ਇਕੱਠੇ ਹੋ ਕੇ ਗੁਰੂ ਸਾਹਿਬ ਜੀ ਪਾਸ ਆ ਗਏ ਤੇ ਲੱਗੇ ਗਿਆਨ ਚਰਚਾ ਕਰਨ। ਸਿੱਧਾਂ ਦੇ ਹਰ ਸਵਾਲ ਦਾ ਉੱਤਰ ਗੁਰੂ ਜੀ ਨੇ ਬੜੇ ਪਿਆਰ ਤੇ ਦਲੀਲ ਪੂਰਵਕ ਦਿੱਤਾ। ਇਸ ਸੰਬੰਧੀ ਸਿੱਧ ਗੋਸਟ ਨਾਮੀ ਬਾਣੀ ਵਿੱਚ ਅੰਕਿਤ ਹੈ :-

**ਕਵਣ ਤੁਮੇ ਕਿਆ ਜਾਉ ਤੁਮਾਰਾ ਕਉਨ ਮਾਰਗੁ ਕਉਨੁ ਸੁਆਓ।**
**ਸਾਚ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ।**


ਜਗੀਰ ਸਿੰਘ ਲਾਲੀਆ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ

**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**S. Surinder Singh Ruby**
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
**Prof. Jaswant Singh Ph.d.**
College Road, Begowal, Kapurthala, M.: 98724-66351
**Engineer Parminderjit Singh**
524, GMT Jalandhar, M.: 99153-57524
parminderjitsingh84@yahoo.com

**Outline-Editor**
**S. Joginder Singh Ajaib**, Jalandhar
M.: 98152-69145

**Advisors**
S. Naginder Singh, Mohali, Dy. Director (Retd.)
97800-36205
S. Jagtar Singh Multani Chief Er. (Retd.) Jal.
M.: 94172-15490

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
**ਦਸੰਬਰ - 15-12-2017 (ਸ਼ੁੱਕਰਵਾਰ)**


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਝਹੂਰਾ


# ਤਤਕਰਾ


ਜਿਲਦ ਨੰ. 41 | ਅੰਕ - 69 | ਨਵੰਬਰ - 2017



| | | |
|---|---|---|
| 1. | ਧਰਮ ਹੇਤ ਸਾਕਾ ਜਿਨ ਕੀਆ... | 4 |
| 2. | ਹਿੰਦ ਕੋ ਏਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ | 8 |
| 3. | ਗੁਰੂ ਨਾਨਕ ਦੇਵ ਜੀ ਦੀ ਸਿੱਖਿਆ | 10 |
| 4. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 11 |
| 5. | ਸੱਚੀ ਟੇਕ | 13 |
| 6. | ਬਜ਼ੁਰਗਾਂ ਦੀ ਸੰਭਾਲ ਤੇ ਸਤਿਕਾਰ | 15 |
| 7. | ਮਨੁੱਖ ਹੋਣ ਦਾ ਅਦਬ ਤੇ ਜਿਊਣ ਦੀ ਹੁੱਬ | 18 |
| 8. | ਸ਼ੋਕ ਸਮਾਚਾਰ | 19 |
| 9. | ਸੰਸਾਰੀਕਰਨ, ਉਦਾਰੀਕਰਨ ਤੇ ਮੰਡੀਕਰਨ ਦੇ ਪ੍ਰਭਾਵ | 20 |
| 10. | ਦਾਦੀ ਜੀ ਕਹਿੰਦੇ ਸੀ | 22 |
| 11. | ਸੁੱਚੇ ਆਦਰਸ਼ਨਾਂ ਦੇ ਰਾਹ ਤੁਰਨ ਵਾਲੇ ਮਨੁੱਖ | 23 |
| 12. | ਕਹਾਣੀ (ਜ਼ਖ਼ਮੀ ਮਰਦ) | 24 |
| 13. | ਕਾਵਿ-ਕਿਆਰੀ | 28 |
| 14. | ਸਿਹਤ ਸੰਭਾਲ | 30 |
| 15. | खेलों की आवश्यकता और महत्त्व | 31 |
| 16. | एक कविता हर माँ के नाम | 31 |
| 17. | Careers after 12th | 32 |
| 18. | Sikh Population in India As Per | 33 |
| 19. | The Real Happy Meal: Eat right without the fight | 34 |
| 20. | Computer Acronyms List | 35 |
| 21. | Debit Card & History of E-Commerce | 36 |
| 22. | "10 Worst Computer Viruses of All Time" | 37 |
| 23. | Brain Drain | 38 |
| 24. | Martimonial | 39 |
| 25. | ਦਾਨੀ ਸੱਜਣਾਂ ਦੀ ਸੂਚੀ | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Jagir Singh Lalia for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**

# ਧਰਮ ਹੇਤ ਸਾਕਾ ਜਿਨ ਕੀਆ ...




ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181




ਸਿੱਖ ਧਰਮ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਸੰਨ 1621 ਵਿਚ ਵਿਸਾਖ 5 ਸੰਮਤ 1678 ਨੂੰ ਗੁਰੂ ਕੇ ਮਹਿਲਾਂ ਵਿਖੇ ਅੰਮ੍ਰਿਤਸਰ ਵਿਚ ਮਾਤਾ ਨਾਨਕੀ ਜੀ ਦੇ ਕੁਖੋਂ ਪਿਤਾ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਹੋਇਆ। ਬਚਪਨ ਤੋਂ ਹੀ ਆਪ ਜੀ ਦਾ ਸੁਭਾਅ ਬੜਾ ਸ਼ਾਂਤ, ਘੱਟ ਬੋਲਣ, ਇਕਾਂਤ ਪਸੰਦ ਗੰਭੀਰ, ਦਇਆਵਾਨ ਨੇ ਨਿਰਭੈ ਬਿਰਤੀ ਵਾਲਾ ਸੀ। ਬਚਪਨ ਤੋਂ ਹੀ ਲੰਮੀ ਸਮਾਧੀ ਲਾ ਕੇ ਬੈਠਣਾ ਕਿੰਨਾ-ਕਿੰਨਾ ਸਮਾਂ ਅਡੋਲ ਬੈਠੇ ਰਹਿਣਾ। ਮਾਤਾ ਜੀ ਨੇ ਪਿਤਾ ਗੁਰੂ ਜੀ ਪਾਸ ਫ਼ਿਕਰ ਜ਼ਾਹਿਰ ਕੀਤਾ ਤਾਂ ਗੁਰੂ ਜੀ ਨੇ ਕਿਹਾ ਫ਼ਿਕਰ ਦੀ ਲੋੜ ਨਹੀਂ ਹੈ। ਇਸ ਨੇ ਬੜੇ ਵੱਡੇ ਕੰਮ ਕਰਨੇ ਹਨ। ਆਪਣੇ ਦਾਦਾ ਜੀ ਵਾਂਗ ਵੱਡੀਆਂ ਜ਼ਿੰਮੇਵਾਰੀਆਂ ਆਪਣੇ ਸਿਰ ਲੈਣੀਆਂ ਹਨ।ਅੰਦਰੋਂ ਬਹੁਤ ਸਿਆਣੇ ਹਨ।ਗੁਰੂ ਜੀ ਨੇ ਪੁੱਤਰ ਤੇਗ਼ ਬਹਾਦਰ ਦੀ ਸਭ ਤਰ੍ਹਾਂ ਦੀ ਸਿੱਖਿਆ ਦਾ ਬਹੁਤ ਧਿਆਨ ਰੱਖਿਆ।ਸ਼ਸਤਰ ਵਿੱਦਿਆ, ਘੋੜ ਸਵਾਰੀ, ਧਾਰਮਿਕ ਵਿੱਦਿਆ ਆਦਿ ਸਭ ਦਾ ਬੜਾ ਉੱਚਾ ਪ੍ਰਬੰਧ ਕੀਤਾ ਗਿਆ ਸੀ। ਜਵਾਨੀ ਵਿਚ ਆਪ ਜੀ ਨੇ ਪਿਤਾ ਗੁਰੂ ਹਰਿਗੋਬਿੰਦ ਜੀ ਨਾਲ ਜੰਗਾਂ ਯੁੱਧਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਕਰਤਾਰਪੁਰ ਦੀ ਜੰਗ ਵਿਚ ਆਪ ਜੀ ਨੇ ਆਪਣੀ ਤੇਗ਼ ਦੇ ਬਹੁਤ ਜੌਹਰ ਦਿਖਾਏ। ਆਪ ਜੀ ਦੀ ਸ਼ਾਦੀ ਕਰਤਾਰਪੁਰ (ਜਲੰਧਰ) ਨਿਵਾਸੀ ਲਾਲ ਚੰਦ ਖੱਤਰੀ ਦੀ ਸਪੁੱਤਰੀ ਗੁਜਰੀ ਜੀ ਨਾਲ 15 ਅੱਸੂ ਸੰਮਤ 1689 ਈ. ਨੂੰ ਹੋਈ।ਜਦੋਂ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਜੋਤੀ ਜੋਤ ਸਮਾਏ ਤਾਂ ਆਪ ਜੀ ਆਪਣੀ ਮਾਤਾ ਨਾਨਕੀ ਜੀ ਅਤੇ ਮਹਿਲ ਮਾਤਾ ਗੁਜਰੀ ਜੀ ਨਾਲ ਬੇਬੇ ਨਾਨਕੀ ਜੀ ਦੇ ਪੇਕੇ ਪਿੰਡ ਬਕਾਲੇ ਵਿਚ ਆ ਗਏ। ਰੱਬੀ ਪ੍ਰੇਮ ਵਿਚ ਹਰ ਵੇਲੇ ਲੀਨ ਰਹਿਣ ਵਾਲੇ ਤੇਗ਼ ਬਹਾਦਰ ਜੀ ਇਕ ਛੋਟੀ ਜਿਹੀ ਕੋਠੜੀ ਵਿਚ ਪ੍ਰਭੂ ਪ੍ਰਮਾਤਮਾ ਦੇ ਰੰਗ ਵਿਚ ਉਸ ਦੀ ਭਗਤੀ ਵਿਚ ਇਕਾਂਤ ਬੈਠ ਕੇ ਜੁੜੇ ਰਹਿੰਦੇ। ਤਕਰੀਬਨ ਇੱਕੀ ਸਾਲ ਦਾ ਸਮਾ ਆਪ ਜੀ ਨੇ ਇਸ ਭੋਰੇ ਵਿਚ ਪ੍ਰਭੂ ਤਪੱਸਿਆ ਕੀਤੀ।

ਛੇਵੇਂ ਪਾਤਸ਼ਾਹ ਜੀ ਦੇ ਗੁਰੂ ਪੁਰੀ ਸਧਾਰ ਜਾਣ ਤੇ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਹਰਿ ਰਾਇ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ, ਜੋ ਸੱਤਵੇਂ ਗੁਰੂ ਬਣੇ। ਉਪਰੰਤ ਉਹਨਾਂ ਦੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਸਿੱਖਾਂ ਦੇ ਅੱਠਵੇਂ ਗੁਰੂ ਬਣੇ। ਦਿੱਲੀ ਵਿਚ ਚੇਚਕ ਦੀ ਬੀਮਾਰੀ ਤੋਂ ਪੀੜ੍ਹਤ ਮਨੁੱਖਤਾ ਦੀ ਮਹਾਨ ਸੇਵਾ ਕਰਦੇ ਹੋਏ ਜਦੋਂ ਅੱਠਵੇਂ ਪਾਤਸ਼ਾਹ ਕੁਝ ਬਿਮਾਰ ਹੋ ਕੇ ਗੁਰਪੁਰੀ ਸਿਧਾਰਨ ਲੱਗੇ ਤਾਂ ਸਿੱਖਾਂ ਦੇ ਅਗਲੇ ਗੁਰੂ ਕੌਣ? ਦੇ ਪ੍ਰਸ਼ਨ ਦੇ ਉੱਤਰ ਵਿਚ ਇਕ ਨਾਰੀਅਲ ਤੇ ਕੁਝ ਪੈਸੇ ਰੱਖ ਕੇ ਮੱਥਾ ਟੇਕਦੇ ਹੋਏ ਬਚਨ ਕੀਤਾ ਕਿ 'ਬਾਬਾ ਬਕਾਲੇ'।ਗੁਰੂ ਜੀ ਦੇ ਇਸ ਇਸ਼ਾਰੇ ਵੱਸ ਸੰਗਤਾਂ ਨੇ ਬਕਾਲਾ ਪਿੰਡ ਵੱਲ ਆਪਣੀ ਆਸਥਾ ਅਤੇ ਸ਼ਰਧਾ ਹਿੱਤ ਵਹੀਰਾਂ ਘੱਤ ਲਈਆਂ। ਮਾਮਲਾ ਸਪੱਸ਼ਟ ਨਹੀਂ ਸੀ। ਗੁਰੂ ਘਰ ਨਾਲ ਕਿਸੇ ਤਰ੍ਹਾਂ ਦਾ ਸੰਬੰਧ ਰੱਖਣ ਵਾਲੇ ਸਾਰੇ ਹੀ ਆਪਣੀਆਂ ਹੱਟੀਆਂ ਖੋਹਲ ਕੇ ਬੈਠ ਗਏ।ਧੀਰਮੱਲ ਤੋਂ ਇਲਾਵਾ ਹੋਰ ਕੁਝ 22 ਮੰਜੀਆਂ ਜਾਂ ਦਰਬਾਰ ਲੱਗ ਗਏ। ਹਰ ਕਿਸੇ ਦੇ ਮਸੰਦ ਆਉਣ ਵਾਲੀਆਂ ਸੰਗਤਾਂ ਨੂੰ ਆਪਣੇ ਵਾਲੇ ਅਖਾਉਤੀ

ਗੁਰੂ ਨੂੰ ਹੀ ਅਸਲੀ ਦੱਸ ਕੇ ਮਾਇਆ ਅਤੇ ਵਸਤਾਂ ਠੱਗਦੇ।

ਅਸਮਾਨ ਵਿਚ ਬੱਦਲ, ਧੁੰਦ ਜਾਂ ਹੋਰ ਤਰ੍ਹਾਂ ਦੇ ਗੁਬਾਰ ਜਿਸ ਤਰ੍ਹਾਂ ਸੂਰਜ ਨੂੰ ਬਹੁਤਾ ਚਿਰ ਛੁਪਾ ਕੇ ਨਹੀਂ ਰੱਖ ਸਕਦੇ। ਇਸ ਤਰ੍ਹਾਂ ਝੂਠ ਫਰੇਬ ਦੇ ਅਡੰਬਰ ਵੀ ਸੱਚਾਈ ਨੂੰ ਬਹੁਤ ਚਿਰ ਛਿਪਾ ਕੇ ਨਹੀਂ ਰੱਖ ਸਕਦੇ। ਦੂਰ ਸਮੁੰਦਰਾਂ ਵਿਚ ਗੁਰੂ ਨਾਨਕ ਦੇ ਦਰਬਾਰ ਦਾ ਇਕ ਸ਼ਰਧਾਲੂ ਆਪਣਾ ਕਾਰੋਬਾਰੀ ਸਮਾਨ ਇਕ ਸਮੁੰਦਰੀ ਜਹਾਜ ਵਿਚ ਲੱਦ ਕੇ ਪਾਣੀਆਂ ਦੇ ਰਸਤੇ ਆਪਣੀ ਮੰਜ਼ਿਲ ਵੱਲ ਜਾ ਰਿਹਾ ਹੈ। ਸਮੁੰਦਰੀ ਤੂਫ਼ਾਨ ਕਾਰਨ ਅਚਾਨਕ ਜਹਾਜ਼ ਡੱਕੋ ਖਾਣ ਲੱਗਦਾ ਹੈ ਤੇ ਬਰੇਤੀ ਵਿਚ ਫਸ ਜਾਂਦਾ ਹੈ। ਮਲਾਹ ਜਹਾਜ਼ ਨੂੰ ਅੱਗੇ ਚਲਾਉਣ ਦੇ ਸਾਰੇ ਹੀਲੇ ਹਰਬੇ ਵਰਤ ਕੇ ਮਾਲਕ ਨੂੰ ਇਸ ਦੇ ਬਚਾਉਣ ਤੋਂ ਅਸਮਰਥਾ ਜਾਹਿਰ ਕਰ ਦਿੰਦੇ ਹਨ ਤਾਂ ਜਹਾਜ਼ ਦਾ ਮਾਲਕ ਆਪਣੇ ਵੱਡੇ ਮਾਲਕ ਅੱਗੇ ਹੱਥ ਬੰਨ੍ਹ ਕੇ ਅਰਦਾਸ ਕਰਦਾ ਹੈ। ਅਰਦਾਸ ਮਨਜ਼ੂਰ ਹੁੰਦੀ ਹੈ। ਬੇੜਾ ਬੰਨ੍ਹੇ ਲੱਗ ਜਾਂਦਾ ਹੈ। ਵਪਾਰਕ ਰੁਝੇਵਿਆਂ ਵਿਚੋਂ ਸਮਾਂ ਮਿਲਦੇ ਹੀ ਆਪਣੇ ਪਰਿਵਾਰ ਅਤੇ ਨੌਕਰਾਂ ਚਾਕਰਾਂ ਸਮੇਤ ਗੁਰੂ ਦਰਬਾਰ ਲਈ ਨਿਕਲ ਪੈਂਦਾ ਹੈ। ਪਤਾ ਲੱਗਦਾ ਹੈ ਅੱਠਵੇਂ ਗੁਰੂ ਜੀ ਜੋਤੀ ਜੋਤ ਸਮਾਉਣ ਵੇਲੇ 'ਬਾਬਾ ਬਕਾਲੇ' ਦੇ ਲਫ਼ਜ਼ ਕਹਿ ਗਏ ਸਨ। ਜਿਸ ਦਾ ਭਾਵ ਹੈ ਕਿ ਅਗਲਾ ਗੁਰੂ ਬਾਬੇ ਬਕਾਲੇ ਵਿਚ ਰਹਿੰਦਾ ਹੈ। ਪਰਿਵਾਰ ਅਤੇ ਲਾਉ ਲਸ਼ਕਰ ਸਮੇਤ ਸਿੱਖ ਬਕਾਲੇ ਪਹੁੰਚ ਕੇ ਨਗਰ ਦੇ ਬਾਹਰ ਡੇਰਾ ਲਗਾ ਲੈਂਦਾ ਹੈ। ਸਾਰੇ ਅਖਾਉਤੀ ਗੁਰੂਆਂ ਦੇ ਮਸੰਦ ਤੇ ਚੇਲੇ ਪਤਾ ਕਰਦੇ ਹਨ ਕਿ ਏਡਾ ਧਨਾਢ ਸ਼ਰਧਾਲੂ ਕੌਣ ਹੈ ਜੋ ਗੁਰੂ ਦੇ ਦਰਸ਼ਨ ਕਰਨ ਲਈ ਆਇਆ ਹੈ। ਪਤਾ ਕਰਕੇ ਆਪਣੇ-ਆਪਣੇ ਪਾਖੰਡੀ ਗੁਰੂ ਨੂੰ ਦੱਸਦੇ ਕਿ ਜ਼ਿਲ੍ਹਾ ਗੁਜਰਾਤ ਦਾ ਇਕ ਧਨਾਢ ਵਿਉਪਾਰੀ ਮੱਖਣ ਸ਼ਾਹ ਲੁਬਾਣਾ ਗੁਰੂ ਦਰਸ਼ਨਾਂ ਲਈ ਆਇਆ ਹੈ। ਬੜੀ ਮਾਇਆ ਭੇਟ ਕਰੇਗਾ।

ਮੱਖਣ ਸ਼ਾਹ ਨੂੰ ਜਦ ਪਤਾ ਲੱਗਾ ਕਿ ਇਥੇ ਤਾਂ 22 ਗੁਰੂ ਆਪਣੀਆਂ ਦੁਕਾਨਾਂ ਖੋਹਲ ਕੇ ਬੈਠੇ ਹਨ ਤੇ ਹਰ ਕੋਈ ਆਪਣੇ ਆਪ ਨੂੰ ਅਸਲੀ ਗੁਰੂ ਦੱਸ ਰਿਹਾ ਹੈ ਤਾਂ ਸਿੱਖ ਸੋਚ ਵਿਚ ਪੈ ਗਿਆ। ਸੋਚਿਆ ਮੈਂ ਕਿਵੇਂ ਲੱਭਾਂ ਕਿ ਮੇਰਾ ਬੇੜਾ ਪਾਰ ਲਾਉਣ ਵਾਲਾ ਇਨ੍ਹਾਂ ਵਿਚ ਸੱਚਾ ਕਿਹੜਾ ਹੈ। ਮੰਨ ਵਿਚ ਵਿਉਂਤ ਆਈ। ਸੱਭ ਨੂੰ ਦੋ-ਦੋ, ਪੰਜ-ਪੰਜ ਮੋਹਰਾਂ ਧਰ ਕੇ ਮੱਥਾ ਟੇਕਿਆ। ਸਭ ਖੁਸ਼। ਸਿੱਖ ਨੂੰ ਖੁਸ਼ੀ ਨਾ ਹੋਈ। ਅਸਲ ਗੁਰੂ ਨੇ ਮੈਨੂੰ ਪਛਾਣ ਲੈਣਾ ਸੀ



ਜਿਹੜਾ ਹਜ਼ਾਰਾਂ ਮੀਲ ਦੂਰ ਤੋਂ ਮੇਰੀ ਅਰਦਾਸ ਸੁਣ ਸਕਦਾ ਹੈ ਉਹ ਮੈਨੂੰ ਆਪਣੇ ਕੋਲ ਆਏ ਨੂੰ ਵੀ ਪਛਾਣੇਗਾ। ਪੁੱਛਿਆ ਕੋਈ ਹੋਰ ਹੈ। ਕਿਸੇ ਕਿਹਾ ਉਹ ਥੋੜ੍ਹਾ ਦੂਰ ਗੁਰੂ ਪਰਿਵਾਰ ਨਾਲ ਸੰਬੰਧਤ ਤੇਗਾ ਕਮਲਾ ਵੀ ਰਹਿੰਦਾ ਹੈ। ਹਰ ਵੇਲੇ ਭਗਤੀ ਵਿਚ ਲੀਨ, ਦੀਨ ਦੁਨੀਆਂ ਤੋਂ ਪਰ੍ਹੇ ਰਹਿੰਦਾ ਹੈ। ਸਿੱਖ ਉਥੇ ਪਹੁੰਚ ਗਿਆ। ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ। ਸੱਚਾ ਬੋਲਿਆ 'ਭਾਈ ਸਿੱਖਾ ਮਾਇਆ ਦੀ ਲੋੜ ਨਹੀਂ ਪਰ ਵਾਅਦਾ ਤਾਂ ਕੁਝ ਹੋਰ ਸੀ।' ਸਿੱਖ ਦੇ ਕਪਾਟ ਖੁਲ੍ਹ ਗਏ। ਮੂੰਹੋਂ ਬੋਲਿਆ ਨਾ ਜਾਵੇ। ਖ਼ੁਸ਼ੀ ਨਾਲ ਗਦਗਦ ਹੋ ਗਿਆ। ਸਭ ਕੁਝ ਢੇਰੀ ਕਰ ਦਿੱਤਾ ਤੇ ਬੇਨਤੀ ਕੀਤੀ ਪ੍ਰਗਟ ਹੋਵੋ ਹੁਣ ਮੈਂ ਅੰਦਰ ਨਹੀਂ ਬਹਿਣ ਦੇਣਾ। ਸੰਗਤਾਂ ਨੂੰ ਝੂਠੇ ਗੁੰਮਰਾਹ ਕਰ ਰਹੇ ਹਨ। ਮਨਾਂ ਕਰਨ ਤੇ ਵੀ ਭਾਈ ਮੱਖਣ ਸ਼ਾਹ ਲੁਬਾਣਾ ਕੋਠੇ ਤੇ ਚੜ੍ਹ ਗਿਆ। 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਦਾ ਰੌਲਾ ਪਾਇਆ। ਝੂਠੇ ਦੌੜ ਗਏ। ਸੱਚਾ ਪ੍ਰਗਟ ਹੋ ਗਿਆ। 20 ਮਾਰਚ 1665 ਨੂੰ ਗੁਰੂ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ।

ਬਾਬੇ ਬਕਾਲੇ ਗੁਰਸਿੱਖਾਂ ਨੂੰ ਸਿੱਖੀ ਨਾਲ ਜੋੜਦੇ। ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਨੂੰ ਗਏ। ਭਾਵੇਂ ਕਿ ਉਥੇ ਕਾਬਜ਼ ਮਹੰਤਾਂ ਨੇ ਅੰਦਰੋਂ ਦਰਸ਼ਨ ਨਾ ਕਰਨ ਦਿੱਤੇ। ਆਪ ਜੀ ਦੇ ਮਨ ਵਿਚ ਸੀ ਕਿ ਨੀਮ ਪਹਾੜੀ ਇਲਾਕੇ ਵਿਚ ਇਕ ਸੁੰਦਰ ਨਗਰ ਵਸਾਇਆ ਜਾਵੇ। ਕੋਹਿਲੂਰ ਦੀ ਰਿਆਸਤ ਦੇ ਰਾਜੇ ਤੋਂ ਪਿੰਡ ਮਾਖੋਵਾਲ ਦੀ ਧਰਤੀ ਖਰੀਦ ਕੇ ਆਨੰਦਪੁਰ ਸਾਹਿਬ ਨਾਮ ਦਾ ਨਗਰ ਵਸਾਇਆ। ਆਪ ਜੀ ਨੇ ਦੇਸ਼ ਦੇ ਵੱਖ-ਵੱਖ ਕੋਨਿਆਂ ਵਿਚ ਸਿੱਖੀ ਦੇ ਪ੍ਰਚਾਰ ਹਿੱਤ ਲੰਮੀਆਂ ਯਾਤਰਾਵਾਂ ਕੀਤੀਆਂ। ਕਈਆਂ ਜੀਵਾਂ ਦਾ ਉਦਾਰ ਕਰਦੇ, ਖੂਹ ਲਗਵਾਉਂਦੇ, ਸਿੱਧੇ ਰਾਹ ਪਾਉਂਦੇ ਹੋਏ, ਥਾਂ-ਥਾਂ ਲੋਕਾਂ ਨੂੰ ਸੱਚਾਈ ਦਾ ਪਾਠ ਪੜ੍ਹਾਉਂਦੇ ਕੈਂਥਲ, ਕੁਰਕਸ਼ੇਤਰ ਹੁੰਦੇ ਹੋਏ ਪ੍ਰਯਾਗਰਾਜ ਪੁੱਜੇ। ਲੋਕਾਂ ਨੂੰ ਸੁਚਾ ਵਿਵਹਾਰ, ਸਿਮਰਨ ਸੇਵਾ, ਸਦਾ ਪ੍ਰਭੂ ਦੇ ਭੈ ਵਿਚ ਰਹਿਣ ਦੀਆਂ ਸਿੱਖਿਆਵਾਂ ਦੇਂਦੇ ਹੋਏ ਆਪ ਜੀ ਕਾਸ਼ੀ ਬਨਾਰਸ ਪੁੱਜੇ। ਜੋਨਪੁਰ ਦੀ ਸੰਗਤ ਨੂੰ ਦਰਸ਼ਨ ਦਿੱਤੇ। ਅੱਗੇ ਸਸਰਾਮ ਪੁੱਜੇ। ਸਸਰਾਮ ਵਿਚ ਇਕ ਫਗੂ ਨਾ ਦਾ ਭਗਤ ਰਹਿੰਦਾ ਸੀ। ਕਹਿੰਦੇ ਹਨ ਕਿ ਉਸ ਨੇ ਗੁਰ ਆਮਦ ਤੋਂ ਬਹੁਤ ਪਹਿਲਾਂ ਹੀ ਆਪਣੀ ਕੁਟੀਆ ਨੂੰ ਬਹੁਤ ਸੁੰਦਰ ਸਜਾਇਆ, ਬਗੀਚਾ ਸੰਵਾਰਿਆ ਹੋਇਆ ਸੀ। ਪੁੱਛਣ ਤੇ ਦੱਸਦਾ ਸੀ ਕਿ ਮੇਰੇ ਸਤਿਗੁਰਾਂ ਨੇ ਆਉਣਾ ਹੈ। ਸੇਵਾ ਵਾਸਤੇ ਕਾਰ-ਭੇਟਾ ਉਗਰਾਹੁੰਦਾ ਹੋਇਆ ਇਕ ਬੀਬੀ ਦੇ ਘਰ ਪਹੁੰਚਿਆ। ਬੀਬੀ ਬਹੁਕਰ ਬਾਹਰੀ ਕਰ ਰਹੀ ਸੀ। ਫਗੂ ਨੇ ਆਪਣੀ ਝੋਲੀ ਕਰਕੇ ਭੇਟਾ ਮੰਗੀ ਤਾਂ ਬੀਬੀ ਨੇ ਬਾਹਰੀ ਨਾਲ ਕੱਠਾ ਕੀਤਾ ਕੂੜਾ ਹੀ ਚੁੱਕ ਕੇ ਫਗੂ ਦੀ ਝੋਲੀ ਵਿਚ ਪਾ ਦਿੱਤਾ। ਫਗੂ ਨੇ ਘਰ ਆ ਕੇ ਕੂੜਾ ਇਸੇ ਤਰ੍ਹਾਂ ਹੀ ਪੋਟਲੀ ਵਿਚ ਬੰਨ੍ਹ ਕੇ ਰੱਖ ਲਿਆ। ਕੂੜੇ ਵਿਚੋਂ ਨਿਕਲੀ ਬੇਰੀ ਦੀ ਇਕ ਗਿੱਟਕ ਨੂੰ ਜ਼ਮੀਨ ਵਿਚ ਗੱਡ ਦਿੱਤਾ। ਕੁਝ ਸਮਾਂ ਪਾ ਕੇ ਉਥੇ ਬੇਰੀ ਦਾ ਇਕ ਵੱਡਾ ਦਰੱਖ਼ਤ ਬਣ ਗਿਆ। ਸਮਾ ਪਾ ਕੇ ਗੁਰੂ ਜੀ ਨੇ ਆਣ ਦਰਸ਼ਨ ਦਿੱਤੇ। ਫਗੂ ਨੇ ਵੱਖ-ਵੱਖ ਇਕੱਠੀਆਂ ਕੀਤੀਆਂ ਸਾਰੀਆਂ ਭੇਟਾਵਾਂ ਗੁਰੂ ਜੀ ਅੱਗੇ ਲਿਆ ਰੱਖੀਆਂ। ਗੁਰੂ ਜੀ ਨੇ ਭੇਟਾਵਾਂ ਸਵੀਕਾਰ ਕਰਦੇ ਹੋਏ ਕਿਹਾ 'ਫਗੂ ਇਕ ਭੇਟਾ ਤੂੰ ਲੁਕੋ ਲਈ ਹੈ ਸਾਡੇ ਅੱਗੇ ਭੇਟ ਨਹੀਂ ਕੀਤੀ।' ਫਗੂ ਹੈਰਾਨ ਹੋਇਆ ਗੁਰੂ ਜੀ ਨੇ ਉਸ ਬੀਬੀ ਦੁਆਰਾ ਦਿੱਤੀ ਕੂੜੇ ਦੀ ਪੋਟਲੀ ਮੰਗੀ। ਪੋਟਲੀ ਹਾਜ਼ਰ ਕਰਦੇ ਹੋਏ ਫਗੂ ਨੇ ਦੱਸਿਆ ਕਿ

ਮਹਾਰਾਜ ਇਸ ਪੋਟਲੀ ਵਿਚੋਂ ਨਿਕਲੀ ਬੇਰੀ ਦੀ ਗਿਟਕ ਦਾ ਹੀ ਇਹ ਬੇਰੀ ਦਾ ਦਰੱਖ਼ਤ ਹੈ ਜਿਸ ਥੱਲੇ ਆਪ ਜੀ ਬੈਠੇ ਹੋ। ਗੁਰੂ ਜੀ ਨੇ ਵਰ ਦਿੱਤਾ ਕਿ ਇਹ ਬੇਰੀ ਜੁਗਾਂ ਤੱਕ ਰਹੇਗੀ ਤੇ ਲੋਕ ਸ਼ਰਧਾ ਨਾਲ ਇਸ ਦਾ ਪ੍ਰਸ਼ਾਦ ਖਾਇਆ ਕਰਨਗੇ। ਯਾਤਰੀ ਅੱਜ ਵੀ ਸਸਰਾਮ ਵਿਚ ਖੜੀ ਬੇਰੀ ਦੇ ਦਰਸ਼ਨ ਕਰਦੇ ਹਨ ਤੇ ਬੇਰੀ ਦੇ ਫਲ ਦਾ ਪ੍ਰਸ਼ਾਦਿ ਲੈ ਕੇ ਆਉਂਦੇ ਹਨ। ਫਗੂ ਨੂੰ ਤਾਰ ਕੇ ਗੁਰੂ ਜੀ ਸਸਰਾਮ ਤੋਂ ਗਯਾ ਪੁਜੇ। ਗਯਾ ਵਿਚ ਪੰਡਤਾਂ ਦਾ ਉਦਾਰ ਕਰਦੇ ਹੋਏ ਗੁਰੂ ਜੀ ਪਟਨਾ ਪੁੱਜੇ। ਪਟਨੇ ਵਿਚ ਜਗਤੇ ਸੇਠ ਹਲਵਾਈ ਦੇ ਘਰ ਰੁਕੇ। ਉਸ ਨੂੰ ਗੁਰੂ ਜੀ ਨੇ ਸਿੱਖੀ ਨਾਲ ਜੋੜਿਆ। ਮਾਤਾ ਗੁਜਰੀ ਜੀ ਤੇ ਮਾਮਾ ਕਿਰਪਾਲ ਜੀ ਨੂੰ ਪਟਨੇ ਹੀ ਛੱਡ ਕੇ ਗੁਰੂ ਜੀ ਅੱਗੇ ਅਸਾਮ ਵੱਲ ਚੱਲ ਗਏ। ਰਾਜਾ ਰਾਮ ਸਿੰਘ ਦੀ ਸਹਾਇਤਾ ਕੀਤੀ। ਉਸ ਦੁਆਲੇ ਹੋਏ ਭੂਤ ਪ੍ਰੇਤ, ਵਹਿਮ ਭਰਮ ਤੇ ਜਾਦੂ ਟੂਣਿਆਂ ਨੂੰ ਦੂਰ ਕੀਤਾ। ਸ਼ੋਭਾ ਸੁਣ ਕੇ ਰਾਜਾ ਰਾਮ ਆਪਣੀ ਪਤਨੀ ਸਮੇਤ ਚਰਨੀਂ ਪਿਆ। ਪੁੱਤਰ ਦੀ ਦਾਤ ਮੰਗੀ। ਮਹਾਰਾਜ ਨੇ ਵਰ ਦਿੱਤਾ। ਅਸਾਮ ਤੋਂ ਢਾਕੇ ਜਾਂਦੇ ਆਪ ਜੀ ਨੂੰ ਪਟਨਾ ਵਿਖੇ ਬਾਲ ਗੋਬਿੰਦ ਰਾਏ ਜੀ ਦੇ ਜਨਮ ਦੀ ਸੂਚਨਾ ਮਿਲੀ। ਵਾਹਿਗੁਰੂ ਦਾ ਸ਼ੁਕਰ ਕੀਤਾ। ਢਾਕੇ ਦੀ ਯਾਤਰਾ ਤੋਂ ਬਾਅਦ ਆਪ ਜੀ ਵਾਪਸ ਪਟਨੇ ਲਈ ਚਾਲੇ ਪਾਏ। ਪਟਨੇ ਪਹੁੰਚ ਕੇ ਗੁਰੂ ਜੀ ਨੇ ਸਾਹਿਬਜ਼ਾਦੇ ਨੂੰ ਅਸ਼ੀਰਵਾਦ ਦਿੱਤਾ। ਹਾਜ਼ਰ ਸੰਗਤ ਨੂੰ ਭੇਟਾਵਾਂ ਦਿੱਤੀਆਂ ਗਈਆਂ। ਜਾਚਕਾਂ, ਕੀਰਤਨੀਆਂ, ਢਾਡੀਆਂ ਨੂੰ ਮੂੰਹ ਮੰਗੀਆਂ ਦਾਤਾ ਬਖਸ਼ੀਆਂ।

ਕੁਝ ਚਿਰ ਪਟਨੇ ਰਹਿ ਕੇ ਗੁਰੂ ਜੀ ਨੇ ਅਨੰਦਪੁਰ ਸਾਹਿਬ ਵਾਪਸ ਆਉਣ ਦਾ ਫੈਸਲਾ ਕਰ ਲਿਆ। ਆਨੰਦਪੁਰ ਪੁੱਜਣ ਤੇ ਆਨੰਦਪੁਰੀ ਵਿਚ ਰੌਣਕਾਂ ਲੱਗ ਗਈਆਂ। ਸਤਿਗੁਰਾਂ ਦਾ ਸਿੰਘਾਸਨ ਲੱਗ ਗਿਆ। ਕੀਰਤਨ ਹੋਣਾ ਸ਼ੁਰੂ ਹੋ ਗਿਆ। ਦੂਰੋਂ-ਦੂਰੋਂ ਸੰਗਤਾਂ ਦਰਸ਼ਨਾਂ ਲਈ ਪੁੱਜਣੀਆਂ ਸ਼ੁਰੂ ਹੋ ਗਈਆਂ। ਅੰਮ੍ਰਿਤਸਰ ਤੇ ਲਾਹੌਰ ਅਤੇ ਕਾਬਲ ਤੋਂ ਵੀ ਸੰਗਤ ਆਈ। ਬੜੀਆਂ ਭੇਟਾਵਾਂ ਲਿਆਂਦੀਆਂ ਗਈਆਂ। ਆਨੰਦਪੁਰ ਗੁਰਸਿੱਖੀ ਦੀਆਂ ਗਤੀਵਿਧੀਆਂ ਦਾ ਕੇਂਦਰ ਬਣ ਗਿਆ।

ਦਿੱਲੀ ਵਿਚ ਔਰੰਗਜ਼ੇਬ ਦਾ ਰਾਜ ਸੀ। ਇਕ ਜ਼ਾਲਮ ਅਤੇ ਤਅੱਸਮੀ ਰਾਜਾ ਸੀ। ਆਪਣੇ ਸਕੇ ਭਰਾਵਾਂ ਦਾ ਕਤਲ ਕਰਕੇ ਅਤੇ ਪਿਤਾ ਨੂੰ ਜਿਉਂਦੇ ਜੀਅ ਹੀ ਕੈਦ ਵਿਚ ਰੱਖ ਕੇ ਰਾਜ ਭਾਗ ਤੇ ਬੈਠਾ ਸੀ। ਪਾਖੰਡ ਇਹ ਕਰਦਾ ਸੀ ਕਿ ਇਸਲਾਮ ਤੋਂ ਬਾਹਰ ਰਹਿ ਗਏ ਸਾਰੇ ਲੋਕ ਕਾਫ਼ਰ ਹਨ ਅਤੇ ਇਹਨਾਂ ਕਾਫ਼ਰਾਂ ਨੂੰ ਇਸਲਾਮ ਵਿਚ ਲੈ ਕੇ ਆਉਣਾ ਅਤੇ ਨਾ ਆਉਣ ਦੀ ਸੂਰਤ ਵਿਚ ਉਹਨਾਂ ਦਾ ਖਾਤਮਾ ਕਰਨਾ ਹੀ ਉਸ ਦਾ ਦੀਨ ਹੈ। ਦੁਨੀਆਂ ਦੇ ਸਭ ਧਰਮਾਂ ਨੂੰ ਖਤਮ ਕਰਕੇ ਸਿਰਫ਼ ਇਸਲਾਮੀ ਝੰਡਾ ਝੁਲਾਉਣਾ ਹੀ ਉਸ ਦੇ ਜੀਵਨ ਦਾ ਨਿਸ਼ਾਨਾ ਸੀ। ਹਿੰਦੂਆਂ ਦੇ ਮੰਦਰ ਢਾਹ ਕੇ ਮਸੀਤਾਂ ਬਨਾਉਣੀਆਂ, ਹਿੰਦੂਆਂ ਦੇ ਕਤਲ ਕਰਕੇ ਜੰਜੂ ਲੁਹਾਣੇ ਅਤੇ ਜ਼ਬਰੀ ਮੁਸਲਮਾਨ ਬਨਾਉਣਾ ਉਸ ਦਾ ਜ਼ਾਲਮਾਨਾ ਕਾਰਜ ਸੀ।



ਇਸੇ ਲੜੀ ਵਿਚ ਕਸ਼ਮੀਰ ਸੂਬੇ ਵਿਚ ਉਸ ਦੇ ਹੁਕਮਾਂ ਨੂੰ ਪ੍ਰਵਾਨ ਚੜ੍ਹਾਉਣ ਲਈ ਸ਼ੇਰ ਅਫਗਾਨ ਖਾਨ ਸੂਬੇਦਾਰ ਦੀ ਡਿਊਟੀ ਲੱਗੀ ਹੋਈ ਸੀ। ਸ਼ੇਰ ਅਫਗਾਨ ਖਾਨ ਰੋਜ਼ ਹੀ ਹਜ਼ਾਰਾਂ ਹਿੰਦੂਆਂ ਨੂੰ ਮੁਸਲਮਾਨ ਬਨਣ ਲਈ ਡਰਾਉਂਦਾ ਧਮਕਾਉਂਦਾ ਤੇ ਧਰਮ ਨਾ ਬਦਲਣ ਕਾਰਨ ਉਹਨਾਂ ਨੂੰ ਕਤਲ ਕਰਵਾ ਰਿਹਾ ਸੀ। ਕਸ਼ਮੀਰ ਵਿਚ ਹਾਹਾਕਾਰ ਮੱਚੀ ਹੋਈ ਸੀ। ਕਸ਼ਮੀਰੀ ਪੰਡਤਾਂ ਨੇ ਇਕ ਇਕੱਠ ਕਰਕੇ ਇਸ ਮੁਸੀਬਤ ਤੋਂ ਬਚਨ ਦਾ ਕੋਈ ਹੱਲ ਕੱਢਣ ਬਾਰੇ ਤਕਰੀਬ ਦੀ ਯੋਜਨਾ ਬਣਾਈ। ਸੁਝਾਅ ਆਇਆ ਕਿ ਸਿੱਖਾਂ ਦੇ ਨੌਵੇਂ ਗੁਰੂ ਗੁਰੂ ਤੇਗ਼ ਬਹਾਦਰ ਦੀ ਸ਼ਰਨ ਵਿਚ ਜਾਇਆ ਜਾਵੇ ਤੇ ਉਹਨਾਂ ਨੂੰ ਹੀ ਹਿੰਦੂ ਧਰਮ ਨੂੰ ਬਚਾਉਣ ਦੀ ਬੇਨਤੀ ਕੀਤੀ ਜਾਵੇ। ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਇਕ ਵਫਦ ਆਨੰਦਪੁਰ ਸਾਹਿਬ ਲਈ ਰਵਾਨਾ ਹੋ ਗਿਆ।

ਕਸ਼ਮੀਰੀ ਪੰਡਿਤਾਂ ਦਾ ਇਹ ਵਫ਼ਦ ਆਨੰਦਪੁਰ ਵਿਚ ਗੁਰੂ ਦਰਬਾਰ ਵਿਚ ਪੁੱਜਾ। ਰੁਦਨ ਕਰ ਕਰ ਕੇ ਆਪਣੀ ਸਾਰੀ ਵਿਥਿਆ ਸੁਣਾਈ। ਵਿਥਿਆ ਸੁਣ ਕੇ ਗੁਰੂ ਜੀ ਚਿੰਤਾਤੁਰ ਹੋਏ। ਗੰਭੀਰ ਸੋਚ ਦੀ ਅਵਸਥਾ ਵਿਚ ਬੈਠੇ ਸਨ ਕਿ ਬਾਲ ਗੋਬਿੰਦ ਰਾਏ ਜੀ ਹਾਜ਼ਰ ਹੋਏ। ਪੁੱਛਿਆ ਪਿਤਾ ਜੀ ਆਪ ਜੀ ਕਿਸ ਗਹਿਰੀ ਸੋਚ ਵਿਚ ਡੁੱਬੇ ਹੋ ਅਤੇ ਇਹ ਵਿਅਕਤੀ ਕੌਣ ਹਨ? ਗੁਰੂ ਜੀ ਨੇ ਦੱਸਿਆ ਇਹ ਕਸ਼ਮੀਰ ਰਿਆਸਤ ਦੇ ਹਿੰਦੂ ਪੰਡਿਤ ਹਨ। ਸਮੇਂ ਦਾ ਹਾਕਮ ਔਰੰਗਜ਼ੇਬ ਇਹਨਾਂ ਨੂੰ ਆਪਣਾ ਧਰਮ ਛੱਡ ਕੇ ਇਸਲਾਮ ਧਰਮ ਕਬੂਲਣ ਲਈ ਮੌਤ ਦਾ ਡਰ ਦੇ ਕੇ ਧਮਕਾ ਰਿਹਾ ਹੈ। ਸਥਿਤੀ ਬੜੀ ਗੰਭੀਰ ਹੈ। ਬਾਲ ਗੋਬਿੰਦ ਰਾਏ ਜੀ ਨੇ ਪੁੱਛਿਆ ਪਿਤਾ ਜੀ ਇਸ ਮੁਸ਼ਕਲ ਦਾ ਕੀ ਹੱਲ ਹੈ। ਗੁਰੂ ਪਿਤਾ ਨੇ ਕਿਹਾ ਕਿ ਕੋਈ ਧਰਮਾਤਮਾ ਪੁਰਸ਼ ਇਹਨਾਂ ਦੀ ਬਾਂਹ ਫੜੇਗਾ ਤੇ ਲੋੜ ਪੈਣ ਤੇ ਆਪਣੇ ਸਿਰ ਦੀ ਕੁਰਬਾਨੀ ਦੇਵੇਗਾ ਤਾਂ ਹੀ ਇਸ ਜ਼ੁਲਮ ਨੂੰ ਠੰਡ ਪੈ ਸਕਦੀ ਹੈ। ਬਾਲ ਗੋਬਿੰਦ ਜੀ ਬੋਲੇ ਪਿਤਾ ਜੀ ਇਸ ਸਮੇਂ ਆਪ ਜੀ ਤੋਂ ਵੱਡਾ ਕੋਈ ਧਰਮਾਤਮਾ ਪੁਰਸ਼ ਨਹੀਂ ਹੈ। ਆਪ ਜੀ ਹੀ ਇਹਨਾਂ ਦਾ ਆਸਰਾ ਬਣੋ। ਸੁਣ ਕੇ ਗੁਰੂ ਜੀ ਨੇ ਬਾਲ ਗੋਬਿੰਦ ਨੂੰ ਗਲ ਨਾਲ ਲਗਾ ਲਿਆ। ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਜਾਉ ਸ਼ੇਰ ਅਫਗਾਨ ਰਾਹੀਂ ਔਰੰਗਜ਼ੇਬ ਨੂੰ ਸੁਨੇਹਾ ਭੇਜ ਦੇਵੋ ਕਿ ਗੁਰੂ ਤੇਗ਼ ਬਹਾਦਰ ਜੀ ਸਾਡੇ ਗੁਰੂ ਹਨ ਜੇਕਰ ਉਹ ਧਰਮ ਪਰਿਵਰਤਨ ਲਈ ਮੰਨ ਜਾਣ ਤਾਂ ਅਸੀਂ ਵੀ ਆਪਣਾ ਧਰਮ ਛੱਡ ਕੇ ਇਸਲਾਮ ਕਬੂਲ ਕਰ ਲਵਾਂਗੇ। ਔਰੰਗਜ਼ੇਬ ਦੇ ਦਰਬਾਰ ਸੁਨੇਹੇ ਪੁੱਜ ਗਏ। ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਹੋ ਗਏ।

ਗੁਰੂ ਜੀ ਆਪ ਹੀ ਦਿੱਲੀ ਵੱਲ ਨੂੰ ਚੱਲ ਪਏ। ਪੰਜ ਸਿੱਖਾਂ ਨੂੰ ਨਾਲ ਲੈ ਕੇ ਆਪ ਜੀ ਪਟਿਆਲਾ, ਰੋਹਤਕ ਤੋਂ ਆਗਰਾ ਪੁੱਜੇ। ਆਗਰੇ ਵਿਚ ਆਪ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰ ਕਰਕੇ ਦਿੱਲੀ ਲਿਆਂਦਾ ਗਿਆ। ਔਰੰਗਜ਼ੇਬ ਦੇ ਦਰਬਾਰ ਵਿਚ ਇਸਲਾਮ ਕਬੂਲ ਕਰਨ ਜਾਂ ਮੌਤ ਕਬੂਲ ਕਰਨ ਦੀਆਂ ਸ਼ਰਤਾਂ ਰੱਖੀਆਂ ਗਈਆਂ। ਗੁਰੂ ਜੀ ਨੂੰ ਕਰਾਮਾਤ




ਦਿਖਾਉਣ ਲਈ ਕਿਹਾ ਗਿਆ। ਨਾਂਹ ਕਰਨ ਤੇ ਗੁਰੂ ਜੀ ਨਾਲ ਗ੍ਰਿਫ਼ਤਾਰ ਹੋਏ ਤਿੰਨ ਸਿੱਖਾਂ ਵਿਚੋਂ ਭਾਈ ਮਤੀ ਦਾਸ ਨੂੰ ਗੁਰੂ ਜੀ ਦੇ ਸਾਹਮਣੇ ਜਿਉਂਦੇ ਜੀਅ ਆਰੇ ਨਾਲ ਚੀਰ ਦਿੱਤਾ ਗਿਆ। ਭਾਈ ਸਤੀ ਦਾਸ ਜੀ ਦੇ ਸਰੀਰ ਦੁਆਲੇ ਰੂੰ ਲਪੇਟ ਕੇ ਜਲਾ ਦਿੱਤਾ ਗਿਆ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ਼ ਵਿਚ ਬਿਠਾ ਕੇ ਉਬਾਲਿਆ ਗਿਆ। ਸਾਰੇ ਸਿੱਖ ਅਡੋਲ ਹੋ ਕੇ ਗੁਰਬਾਣੀ ਦਾ ਜਾਪ ਕਰਦੇ ਰਹੇ। ਜਲਾਦ ਕੰਬਦੇ ਰਹੇ। ਸਿੱਖ ਆਪਣਾ ਇਤਿਹਾਸ ਸਿਰਜਦੇ ਰਹੇ। ਗੁਰੂ ਜੀ ਨੂੰ ਚਾਂਦਨੀ ਚੌਂਕ ਵਿਚ ਬਿਠਾ ਕੇ ਕਰਾਮਾਤ ਵਿਖਾਉਣ ਨੂੰ ਕਿਹਾ ਗਿਆ। ਜਿਸ ਗੁਰੂ ਦੇ ਪਿਤਾ ਨੇ ਆਪਣੇ ਸਪੁੱਤਰ ਬਾਬਾ ਅਟੱਲ ਰਾਏ ਜੀ ਨੂੰ ਕਰਾਮਾਤ ਵਿਖਾਉਣ ਕਰਕੇ ਉਨ੍ਹਾਂ ਨਾਲ ਨਰਾਜ਼ਗੀ ਜ਼ਾਹਿਰ ਕੀਤੀ ਸੀ। ਉਸ ਗੁਰੂ ਦਾ ਪੁੱਤਰ ਕਰਾਮਾਤਾਂ ਵਿਖਾਉਣ ਵਿਚ ਕਿਵੇਂ ਯਕੀਨ ਰੱਖ ਸਕਦਾ ਸੀ। ਆਖਿਰ ਚਾਂਦਨੀ ਚੌਂਕ ਵਿਚ ਗੁਰੂ ਤੇਗ਼ ਬਹਾਦਰ ਜੀ ਵੱਲੋਂ ਆਪਣਾ ਧਰਮ ਬਦਲੀ ਕਰਨ ਦੇ ਨਾਦਰੀ ਹੁਕਮ ਨੂੰ ਨਾ ਮੰਨਣ ਕਾਰਨ ਉਨ੍ਹਾਂ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਫਿਰ ਅਸਲ ਵਿਚ ਕਰਾਮਾਤ ਵਾਪਰੀ। ਜ਼ੋਰ ਦੀ ਲਾਲ ਹਨ੍ਹੇਰੀ ਅਤੇ ਮਿੱਟੀ ਨਾਲ ਭਰਿਆ ਝੱਖੜ ਝੁਲਿਆ। ਗੁਰੂ ਦਾ ਸਿੱਖ ਭਾਈ ਜੈਤਾ ਸਖ਼ਤ ਪਹਿਰਿਆਂ ਵਿਚ ਗੁਰੂ ਦਾ ਸੀਸ ਝੋਲੀ ਵਿਚ ਰੱਖ ਕੇ ਲੈ ਗਿਆ। ਤੇ ਗੁਰੂ ਘਰ ਦਾ ਇਕ ਹੋਰ ਸੇਵਕ ਭਾਈ ਲੱਖੀ ਸ਼ਾਹ ਲੁਬਾਣਾ ਆਪਣੇ ਰੂੰ ਦੇ ਗੱਡਿਆਂ ਵਿਚ ਗੁਰੂ ਦੇ ਧੜ ਨੂੰ ਲੁਕੋ ਕੇ ਆਪਣੇ ਘਰ ਲੈ ਗਿਆ। ਪਹਿਰੇਦਾਰਾਂ ਅਤੇ ਸੂਹੀਆਂ ਦੀਆਂ ਫੌਜਾਂ ਲਾਸ਼ ਲੱਭਣ ਲਈ ਪੂਰੀ ਦਿੱਲੀ ਦੀ ਤਲਾਸ਼ੀ ਲੈਣ ਲੱਗੀਆਂ। ਗੁਰੂ ਦੇ ਸਿੱਖ ਨੇ ਆਪਣੇ ਘਰ ਦੇ ਅੰਦਰ ਹੀ ਲੱਕੜੀਆਂ ਦੀ ਚਿਖ਼ਾ ਚੁਣੀ ਤੇ ਸਤਿਕਾਰ ਨਾਲ ਗੁਰੂ ਧੜ ਦਾ ਸੰਸਕਾਰ ਕਰ ਦਿੱਤਾ। ਸਾਰੇ ਘਰ ਨੂੰ ਅੱਗ ਲੱਗ ਗਈ। ਸੂਹੀਏ ਘਰ ਲੱਗੀ ਅੱਗ ਸਮਝ ਕੇ ਮੁੜ ਗਏ। ਗੁਰੂ ਦੇ ਸਿੱਖ ਨੇ ਆਪਣਾ ਫਰਜ਼ ਪੂਰਾ ਕਰ ਲਿਆ। ਗੁਰੂ ਤੇਗ਼ ਬਹਾਦਰ ਜੀ ਨੂੰ ਪ੍ਰਗਟ ਕਰਨ ਅਤੇ ਉਹਨਾਂ ਦੇ ਪਵਿੱਤਰ ਧੜ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਨੌਵੇਂ ਪਾਤਸ਼ਾਹ ਨੇ ਆਪ ਭਾਈ ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਲੁਬਾਣਾ ਤੋਂ ਕਰਵਾ ਕੇ ਲੁਬਾਣਾ ਬਰਾਦਰੀ ਦੀ ਜੋ ਜ਼ਿੰਮੇਵਾਰੀ ਲਗਾਈ ਸੀ। ਗੁਰੂ ਦੇ ਲੁਬਾਣਾ ਸਿੱਖਾਂ ਨੇ ਜਿਸ ਸ਼ਰਧਾ ਅਤੇ ਸਤਿਕਾਰ ਨਾਲ ਉਹ ਪੂਰੀ ਕੀਤੀ ਉਸ ਕਰਕੇ ਸਿੱਖ ਇਤਿਹਾਸ ਵਿਚ ਸਮੁੱਚੀ ਲੁਬਾਣਾ ਬਰਾਦਰੀ ਦਾ ਨਾਮ ਸੁਨਿਹਰੀ ਅੱਖਰਾਂ ਵਿਚ ਦਰਜ ਹੈ। ਗੁਰੂ ਤੇਗ਼ ਬਹਾਦਰ ਜੀ ਦੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 115 ਸਲੋਕ ਦਰਜ ਹਨ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਬਾਬਤ ਬਚਿਤ੍ਰ ਨਾਟਕ ਵਿਚ ਲਿਖਿਆ ਹੈ–

**ਠੀਕਰਿ ਫੋਰਿ ਦਿਲਿਸ ਸਿਰਿ, ਪ੍ਰਭ ਪੁਰ ਕਿਯਾ ਪਯਾਨ।**
**ਤੇਗ ਬਹਾਦਰ ਸੀ ਕ੍ਰਿਯਾ, ਕਰੀ ਨ ਕਿਨਹੂੰ ਆਨ॥**

ਗੁਰੂ ਜੀ ਲਿਖਦੇ ਹਨ –

**''ਤਿਲਕ ਜੰਞੂ ਰਾਖਾ ਪ੍ਰਭ ਤਾਕਾ**
**ਕੀਨੋ ਬਡੋ ਕਲੂ ਮਹਿ ਸਾਕਾ**
**ਧਰਮ ਹੇਤ ਸਾਕਾ ਜਿਨ ਕੀਆ**
**ਸੀਸ ਦੀਆ ਪਰ ਸਿਰਰ ਨਾ ਦੀਆ''**



# ਹਿੰਦ ਕੋ ਏਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ






**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**


ਗੁਰੂ ਨਾਨਕ ਸਾਹਿਬ ਬਾਰੇ ਇਹ ਕਥਨ ਕਿ "ਫਿਰ ਉਠੀ ਆਖਰ ਸਦਾ ਤੌਹੀਦ ਕੀ ਪੰਜਾਬ ਸੇ, ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ', ਡਾ. ਇਕਬਾਲ ਦਾ ਹੈ ਜਿਸ 'ਚ ਆਪ ਨੇ ਗੁਰੂ ਨਾਨਕ ਸਾਹਿਬ ਦੀ ਸਹੀ ਵਿਆਖਿਆ ਕੀਤੀ ਹੈ। ਗੁਰੂ ਜੀ ਤੋਂ ਪਹਿਲਾਂ ਤੇ ਹੁਣ ਤੱਕ, ਹਿੰਦੂ ਸਮਾਜ ਦਾ ਰੱਬ ਇਕ ਨਹੀਂ ਹੈ। ਹਿੰਦੂ, ਅਵਤਾਰਵਾਦ 'ਚ ਯਕੀਨ ਕਰਦੇ ਹਨ ਜਿਸ ਵਿਚ ਵੱਖ-ਵੱਖ ਦੇਵਤਿਆਂ (ਬ੍ਰਹਮਾ, ਵਿਸ਼ਨੂੰ, ਮਹੇਸ਼, ਰਾਮ, ਕ੍ਰਿਸ਼ਨ) ਸਮੇਤ 33 ਕਰੋੜ ਦੇਵੀ ਦੇਵਤਿਆਂ ਨੂੰ ਰੱਬੀ ਅਵਤਾਰ ਸਮਝ ਕੇ ਇਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਗੁਰੂ ਜੀ ਇਸ ਨੂੰ ਗਲਤ ਸਮਝਦੇ ਸਨ। ਹਿੰਦੂ ਸਮਾਜ ਨਾਲੋਂ ਨਾਤਾ ਤੋੜ ਕੇ ਜੋ ਹਿੰਦੂ, ਸਿੱਖ ਬਣੇ, ਉਨ੍ਹਾਂ ਨੂੰ ਆਪ ਨੇ ਤੌਹੀਦ ਦਾ ਸਬਕ ਪੜ੍ਹਾਇਆ। ਭਾਵ ਰੱਬ ਇਕ ਹੈ ਅਤੇ ਉਸ ਦਾ ਕੋਈ ਹੋਰ ਰੂਪ ਨਹੀਂ ਹੈ। ਸਾਰੀ ਸਿੱਖ ਫ਼ਿਲਾਸਫ਼ੀ ਇਸ ਇਕੋ ਨੁਕਤੇ ਦੁਆਲੇ ਘੁੰਮਦੀ ਹੈ। ਕੋਈ ਸੰਤ, ਸਾਧ, ਡੇਰੇਦਾਰ, ਗੁਰੂ ਸਾਹਿਬ ਦੀ ਬਰਾਬਰੀ ਨਹੀਂ ਕਰ ਸਕਦਾ। ਗੁਰੂ ਨਾਨਕ ਨੇ ਆਪਣਾ ਮਿਸ਼ਨ ੴ ਤੋਂ ਸ਼ੁਰੂ ਕੀਤਾ। ਸਿੱਖ ਨੂੰ ਇਕ ਦੇ ਲੜ ਲਾਇਆ ਅਤੇ ਇਕੋ ਰਾਹ ਵਿਖਾਇਆ।



ਵੇਈਂ ਵਾਲੀ ਘਟਨਾ ਤੋਂ ਬਾਅਦ ਗੁਰੂ ਪ੍ਰਚਾਰ ਦਾ ਸਭ ਤੋਂ ਪਹਿਲਾ ਵਚਨ 'ਨਾ ਕੋਈ ਹਿੰਦੂ ਨਾ ਮੁਸਲਮਾਨ' ਸੀ। ਇਸ ਤੋਂ ਬਾਅਦ ਆਪ ਨੇ ਮੋਦੀਖ਼ਾਨੇ ਦੀ ਨੌਕਰੀ ਛੱਡ ਦਿੱਤੀ ਤੇ ਜਗਤ ਨੂੰ ਸੁਧਾਰਨ ਅਤੇ ਤਾਰਨ ਲਈ ਨਿਕਲ ਪਏ। ਗੁਰੂ ਜੀ ਅਨੁਸਾਰ ਹਿੰਦੂ ਅਤੇ ਮੁਸਲਮਾਨ, ਦੋਵੇਂ ਆਪਣੇ-ਆਪਣੇ ਮਜ਼ਹਬ ਦੀ ਸਹੀ ਭਾਵਨਾ ਅਨੁਸਾਰ ਨਹੀਂ ਚਲਦੇ ਸਨ।

ਗੁਰੂ ਸਾਹਿਬ ਦੇ ਇਹ ਬਚਨ ਸਿਰਫ਼ ਹਿੰਦੂਆਂ, ਮੁਸਲਮਾਨਾਂ ਲਈ ਨਹੀਂ, ਇਹ ਤਾਂ ਹੁਣ ਖ਼ਾਸ ਕਰਕੇ ਸਿੱਖਾਂ ਲਈ ਹਨ ਕਿਉਂਕਿ ਸਿੱਖ ਹੀ ਆਪ ਨੂੰ ਆਪਣਾ ਗੁਰੂ ਮੰਨਦੇ ਹਨ। ਹਿੰਦੂ ਅਤੇ ਮੁਸਲਮਾਨ ਤਾਂ ਗੁਰੂ ਸਾਹਿਬ ਨੂੰ ਆਪਣਾ ਰਹਿਬਰ, ਪੈਗ਼ੰਬਰ ਨਹੀਂ ਮੰਨਦੇ। ਸਿੱਖ ਨੂੰ ਦੇਹਧਾਰੀ ਗੁਰੂ ਦਾ ਤਿਆਗ ਕਰਕੇ, ਕਰਮ-ਕਾਂਡ, ਫਜ਼ੂਲ ਰਸਮਾਂ ਛੱਡ ਕੇ, ਗੁਰੂ ਦੇ ਦੱਸੇ ਰਾਹ 'ਤੇ ਚਲਣਾ ਚਾਹੀਦਾ ਹੈ। ਧਰਮ ਦਾ ਮੁੱਖ ਮਕਸਦ ਆਤਮਕ ਆਨੰਦ ਦੀ ਪ੍ਰਾਪਤੀ ਹੈ। ਇਹ ਆਨੰਦ ਕੇਵਲ ਗੁਰੂ ਜੀ ਦੇ ਦੱਸੇ ਰਾਹ 'ਤੇ ਚਲਿਆਂ ਹੀ ਮਿਲਣਾ ਹੈ। ਯਾਦ ਰੱਖੋ, ਜਿਸ ਬੰਦੇ ਦਾ ਦੇਹਧਾਰੀ ਗੁਰੂ ਹੈ, ਗੁਰੂ ਨਾਨਕ ਉਸ ਦਾ ਗੁਰੂ ਨਹੀਂ ਹੈ। ਮਹਾਂਪੁਰਖਾਂ, ਪੀਰਾਂ, ਭਗਤਾਂ ਨੂੰ ਗੁਰੂ ਮੰਨਣ 'ਚ ਕੀ ਮਾੜਾ ਹੈ, ਇਹ ਵੀ ਤਾਂ ਰੱਬ ਦੇ ਹੀ ਭਗਤ ਹਨ। ਇਹ ਸੋਚ ਬੱਚਿਆਂ ਵਾਲੀ ਹੈ। ਇਹ ਲੋਕ ਭਗਤ ਹਨ, ਗੁਰੂ ਪਦਵੀ ਪ੍ਰਾਪਤ ਨਹੀਂ ਕਰ ਸਕੇ। ਇਹ ਪਦਵੀ ਸਿਰਫ਼ ਅਤੇ ਸਿਰਫ਼ ਗੁਰੂ ਨਾਨਕ ਸਾਹਿਬ ਨੂੰ ਹੀ

ਪ੍ਰਾਪਤ ਹੈ। ਇਸ ਵੇਲੇ ਗੁਰੂ ਨਾਨਕ ਸਾਹਿਬ ਦੀ ਜਗ੍ਹਾ ਗੁਰੂ ਗ੍ਰੰਥ ਸਾਹਿਬ ਸੁਭਾਏਮਾਨ ਹਨ। ਗੁਰੂ ਗੋਬਿੰਦ ਸਿੰਘ, ਸਿੱਖਾਂ ਨੂੰ ਸ਼ਬਦ ਗੁਰੂ ਦਾ ਲੜ ਫੜਾ ਕੇ ਗਏ ਹਨ। ਇਹ ਧੁਰ ਕੀ ਬਾਣੀ ਹੈ ਜੋ ਜੁਗੋ ਜੁਗ ਅਟੱਲ ਹੈ। ਗੁਰੂ ਗ੍ਰੰਥ ਸਾਹਿਬ 'ਚ ਸਿਰਫ਼ ਇਕ ਅਕਾਲ ਪੁਰਖ ਦੀ ਹੀ ਸਿਫ਼ਤ ਸਾਲਾਹ ਹੈ। 'ਪੋਥੀ ਪਰਮੇਸਰ ਕਾ ਥਾਨੁ', 'ਗ੍ਰੰਥ ਅਕਾਲ ਮੇ ਭੇਦ ਕਿਛੁ ਨਾਹੀ' ਦਾ ਰੁਤਬਾ ਗ੍ਰੰਥ ਸਾਹਿਬ ਦਾ ਹੈ। ਅਕਾਲ ਪੁਰਖ ਦੀ ਹਸਤੀ, ਉਸ ਦੇ ਕਿਰਦਾਰ, ਉਸ ਦੀ ਕਿਰਤ ਨੂੰ ਕੇਵਲ ਗੁਰੂ ਨਾਨਕ ਹੀ ਸਮਝੇ ਹਨ ਜਿਸ ਦਾ ਵਰਨਣ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ 'ਚ ਕੀਤਾ ਹੈ।



**'ਕਰਨ ਕਾਰਨ ਪ੍ਰਭ ਏਕ ਹੈ, ਦੂਸਰ ਨਾਹਿ ਕੋਇ॥**
**ਨਾਨਕ ਤਿਸ ਬਲਿਹਾਰਨੇ ਜਲ ਥਲ ਰਵਿਆ ਸੋਇ॥'**

ਬਾਬਰ ਦੇ ਹਮਲੇ ਸਮੇਂ ਗੁਰੂ ਜੀ ਨੇ ਪਠਾਨ ਲੋਧੀ ਹਕੂਮਤ ਦੀ ਨਿੰਦਿਆ ਕੀਤੀ ਜੋ ਬਾਬਰ ਤੋਂ ਆਪਣੀ ਪਰਜਾ ਦੀ ਰੱਖਿਆ ਨਾ ਕਰ ਸਕੇ। 'ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨ ਡਰਾਇਆ' ਸ਼ਬਦ 'ਚ ਗੁਰੂ ਜੀ ਨੇ ਬਾਬਰ ਦੇ ਜ਼ੁਲਮਾਂ ਦੇ ਖ਼ੂਨ ਦੇ ਸੋਹਲੇ ਗਾਏ ਹਨ। ਆਪ ਨੂੰ ਪਰਜਾ ਨਾਲ ਕੈਦ ਕਰ ਲਿਆ ਗਿਆ। ਆਪ ਨੇ ਸ਼ਰੇਆਮ ਬਾਬਰ ਨੂੰ ਜਾਬਰ ਆਖਿਆ। ਬਾਬਰ ਵੱਲੋਂ ਆਪ ਦਾ ਨਾਂ ਪੁੱਛਣ 'ਤੇ ਆਪ ਨੇ ਆਪਣਾ ਨਾਮ ਨਾਨਕ ਦੱਸਿਆ ਜਿਸ ਬਾਰੇ ਉਹ ਪਹਿਲਾਂ ਦੌਲਤ ਖਾਂ ਲੋਧੀ ਤੋਂ ਸੁਣ ਚੁੱਕਾ ਸੀ। ਬਾਬਰ ਨੇ ਗੁਰੂ ਸਾਹਿਬ ਦੀ ਸੋਚ, ਉਸ ਅੱਗੇ ਸੱਚ ਬੋਲਣ ਦੀ ਜੁਰਅਤ, ਪੈਗ਼ੰਬਰੀ ਕਿਰਦਾਰ ਅਤੇ ਦਿੱਖ ਅੱਗੇ ਸਿਰ ਨਿਵਾ ਦਿੱਤਾ। ਗੁਰੂ ਨਾਨਕ ਨੇ ਬਾਬਰ ਨੂੰ ਸਮਝਾਇਆ ਕਿ "ਭਾਈ! ਤੇਰੀ ਲੜਾਈ ਮੌਕੇ ਦੀ ਹਕੂਮਤ ਨਾਲ ਹੈ। ਇਹ ਪਰਜਾ ਜਿਸ ਨੂੰ ਬੰਦਾ ਬਣਾ ਕੇ ਉਸ ਉੱਤੇ ਜ਼ੁਲਮ ਕਰ ਰਿਹਾ ਹੈਂ, ਇਸ ਨੇ ਤੇਰਾ ਕੀ ਵਿਗਾੜਿਆ ਹੈ? ਰਾਜ ਤੇਰਾ ਹੋ ਗਿਆ ਹੈ। ਲੋਕਾਈ ਨੂੰ ਆਜ਼ਾਦ ਕਰ ਜੋ ਆਪਣੇ ਆਪਣੇ ਘਰਾਂ ਨੂੰ ਜਾਵੇ। ਕੈਦ 'ਚ ਰੱਖ ਕੇ, ਤਸੀਹੇ ਦੇ ਕੇ ਮਾਰ ਦੇਵੇਂਗਾ ਤਾਂ ਰਾਜ ਕਿਸ ਉੱਤੇ ਕਰੇਂਗਾ? ਇਹ ਤਾਂ ਤੇਰਾ ਮੁਕਾਬਲਾ ਨਹੀਂ ਕਰਦੇ।" ਇਹ ਗੱਲ ਬਾਬਰ ਦੇ ਮਨ ਨੂੰ ਛੂਹ ਗਈ। ਕੈਦੀ ਰਿਹਾਅ ਕਰ ਦਿੱਤੇ ਗਏ। ਸਾਹਿਬਾਂ ਦੇ ਪੈਗ਼ੰਬਰੀ ਕਿਰਦਾਰ, ਵਿਚਾਰ ਅੱਗੇ ਸਿਰ ਝੁਕਾਇਆ।

ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਗਿਆਨ ਚੇਤੇ ਕਰਵਾਉਣ, ਸੱਚਾ ਮਾਰਗ ਦੱਸਣ ਲਈ ਸੰਸਾਰ 'ਚ 4 ਉਦਾਸੀਆਂ ਕੀਤੀਆਂ। ਗੁਰੂ ਨਾਨਕ ਸਾਹਿਬ, ਕਿਰਤ ਨੂੰ ਮਹਾਨਤਾ ਦੇਣ ਅਤੇ ਨੀਵਿਆਂ ਦਾ ਸਤਿਕਾਰ ਕਰਨ ਲਈ, ਭਾਈ ਲਾਲੋ ਦੇ ਘਰ ਦੋ ਵਾਰ ਗਏ ਤੇ ਉਸ ਨੂੰ ਮਾਣ ਬਖ਼ਸ਼ਿਆ। 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ' ਗੁਰਬਾਣੀ ਰਚ ਕੇ, ਭਾਈ ਲਾਲੋ ਦਾ ਨਾਮ ਗ੍ਰੰਥ ਸਾਹਿਬ 'ਚ ਦਰਜ ਕਰਕੇ ਆਪ ਨੂੰ ਅਮਰ ਕਰ ਦਿੱਤਾ। ਹਿੰਦੂਆਂ, ਮੁਸਲਮਾਨਾਂ 'ਚ ਔਰਤ ਦੀ ਸਮਾਜ 'ਚ ਹਾਲਤ ਤਰਸਯੋਗ, ਭੈੜੀ ਸੀ। ਉਸ ਨੂੰ ਆਪ ਨੇ ਉੱਚਾ ਚੁੱਕਿਆ। ਇਸੇ ਤਰ੍ਹਾਂ ਨੀਵਿਆਂ ਦਾ ਸਾਥ ਦੇ ਕੇ ਸ਼ਹਿਨਸ਼ਾਹ ਗੁਰੂ ਨਾਨਕ ਨੇ ਉਨ੍ਹਾਂ ਨੂੰ ਗਲੇ ਲਗਾਇਆ। ਆਪਣੇ ਆਪ ਨੂੰ ਨੀਚਾਂ 'ਚੋਂ ਨੀਚ ਦੱਸਿਆ।

ਗੁਰੂ ਨਾਨਕ ਵਿਚਾਰਧਾਰਾ, ਕਿਰਦਾਰ ਨੂੰ ਬਹੁਤੇ ਸਿੱਖ ਸਮਝ ਨਹੀਂ ਸਕੇ। ਅਗਿਆਨਤਾ ਕਰਕੇ, ਡੇਰਿਆਂ ਦੇ ਸੇਵਕ, ਸਾਧੂ, ਸੰਤਾਂ ਦੇ ਚੇਲੇ ਬਣ ਰਹੇ ਹਨ। "ਪੰਥ (ਗੁਰਬਾਣੀ, ਸਿੱਖੀ) ਸਾਗਰ ਨਿਆਈਂ ਹੈ। ਕੋਈ ਜ਼ੁਲਮੀ ਸੂਰਜ ਇਸ ਨੂੰ ਸੁਕਾ ਨਹੀਂ ਸਕਦਾ।" – ਰਤਨ ਸਿੰਘ ਭੰਗੂ

ਕੈ : ਮੱਰੇ ਨੇ ਪੁੱਛਿਆ, "ਸਿੱਖ ਨੂੰ ਪਾਤਸ਼ਾਹੀ ਕਿਨ ਦਿੱਤੀ?" "ਸਿੰਘ ਪਾਤਸ਼ਾਹੀ ਸਾਹਿਬ ਸੱਚੇ ਦਈ।" – ਭੰਗੂ।

ਮੱਰੇ ਨੇ ਪੁੱਛਿਆ, "ਕੌਣ ਹੈ ਸੱਚਾ ਪਾਤਸ਼ਾਹ?"

"ਸ਼ਾਹ ਨਾਨਕ ਜੋਇ।" ਭੰਗੂ ਦਾ ਉੱਤਰ ਸੀ।

"ਗੁਰੂ ਨਾਨਕ ਤਾਂ ਫ਼ਕੀਰ ਹੈ, ਉਨ ਸਹੀ ਕੀ ਕਿਆ ਤਤਬੀਰ?" ਮੱਰੇ ਨੇ ਕਿਹਾ।

ਭੰਗੂ ਨੇ ਜਵਾਬ ਦਿੱਤਾ, "ਤੈਨੂੰ ਭੁਲੇਖਾ ਲੱਗਾ ਹੈ। ਗੁਰੂ ਨਾਨਕ ਸ਼ਹਿਨਸ਼ਾਹ, ਦੀਨ-ਦੁਨੀ ਦਾ ਸੱਚਾ ਪਾਤਸ਼ਾਹ। ਫ਼ੈਸਲਾ ਸਿੱਖਾਂ ਕਰਨਾ ਹੈ ਕਿ ਉਨ੍ਹਾਂ ਸ਼ਹਿਨਸ਼ਾਹ ਗੁਰੂ ਦਾ ਲੜ ਫੜਨਾ ਹੈ ਜਾਂ ਮੰਗਤਿਆਂ ਤੋਂ ਕੁਝ ਪ੍ਰਾਪਤ ਕਰਨ ਦੀ ਆਸ ਰੱਖਣੀ ਹੈ। ਮੰਗਤਿਆਂ ਤੋਂ ਮੰਗਣਾ ਲਾਹਨਤੀਆਂ ਦਾ ਕੰਮ ਹੈ। ਸਿੱਖ ਦੀ ਸਰਦਾਰੀ, ਚੜ੍ਹਦੀ ਕਲਾ ਕੇਵਲ ਗੁਰੂ ਨਾਨਕ ਸਾਹਿਬ ਦਾ ਲੜ ਫੜਿਆਂ ਹੀ ਹੋਣੀ ਹੈ।

# ਗੁਰੂ ਨਾਨਕ ਦੇਵ ਜੀ ਦੀ ਸਿੱਖਿਆ



ਸਿੱਖ ਧਰਮ ਦੇ ਪਹਿਲੇ ਗੁਰੂ ਗੁਰੂ ਨਾਨਕ ਸਾਹਿਬ ਜੀ ਦੇ ਨਾਮ ਲੇਵਾ ਸਿੱਖ ਸੰਸਾਰ ਭਰ ਦੇ ਮਨੁੱਖਾਂ ਦੀ ਏਕਤਾ ਦੇ ਚਾਹਵਾਨ ਹਨ ਅਤੇ ਹਰ ਰੋਜ ਅਰਦਾਸ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ। ਗੁਰੂ ਦੀ ਬਖਸ਼ਿਸ਼ ਵੀ ਮਨੁੱਖੀ ਸਮਾਜ ਵਿੱਚ ਸੇਵਾ ਕਰਨ ਵਾਲਿਆਂ ਤੋਂ ਹੁੰਦੀ ਮੰਨੀ ਗਈ ਹੈ।

ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਆਚਰਣ ਨੂੰ ਹੀ ਚੰਗੇ ਜਾਂ ਮੰਦੇ ਹੋਣ ਦਾ ਅਧਾਰ ਸਵੀਕਾਰ ਕੀਤਾ ਹੈ, ਧਰਮ ਅਤੇ ਜਾਤਿ ਪਾਤਿ ਦੇ ਅਧਾਰ ਨੂੰ ਨਕਾਰ ਦਿੱਤਾ ਹੈ। ਹਿੰਦੂ ਧਰਮ ਵਿੱਚ ਜਨੇਊ ਪਾਣਾ ਇੱਕ ਧਾਰਮਿਕ ਰੀਤੀ ਹੈ ਪਰ ਗੁਰੂ ਸਾਹਿਬ ਨੇ ਇਸ ਨੂੰ ਸਵੀਕਾਰਨ ਤੋਂ ਇਨਕਾਰ ਕਰ ਦਿੱਤਾ। ਇਸ ਦੇ ਨਾਲ ਹੀ ਨਾਲ ਇਕ ਜੀਵਨ ਜਾਂਚ ਦਾ ਪਰ ਉਸੇ ਧਾਰਮਿਕ ਸ਼ਬਦਾਵਲੀ ਵਿੱਚ ਪ੍ਰਗਟਾ ਕੀਤਾ ਅਤੇ ਆਪਣੀ ਵਿਚਾਰਧਾਰਾ ਰਾਹੀਂ ਉਸ ਰਸਮ ਦੇ ਮੁਦਈਆ ਨੂੰ ਲਾਜਵਾਬ ਕਰ ਦਿੱਤਾ।

ਉਨ੍ਹਾਂ ਆਪਣੇ ਕੁਲ ਪ੍ਰੋਹਿਤ ਗੋਪਾਲ ਪਾਂਧੇ ਨੂੰ ਕਿਹਾ ਜੇ ਉਸ ਪਾਸ ਦਇਆ ਰੂਪੀ ਕਪਾਹ ਹੈ, ਸੰਤੋਖ ਰੂਪੀ ਸੂਤਰ ਉਸ ਪਾਸ ਹੈ, ਜਤ ਦੀਆਂ ਉਸ ਨੂੰ ਗੰਢਾਂ ਹਨ, ਸਤ ਦੇ ਵੱਟ ਹਨ ਤਾਂ ਉਹ ਅਜਿਹੇ ਚੱਜ ਅਚਾਰ ਦਾ ਜਨੇਊ ਪਾਉਣ ਨੂੰ ਤਿਆਰ ਹਨ। ਇਹ ਜਨੇਊ, ਜੀਅ (ਆਤਮਾ) ਦਾ ਹੈ, ਜੇ ਇਹ ਉਸ ਪਾਸ ਹੈ, ਤਾਂ ਉਹ ਉਨ੍ਹਾਂ ਦੇ ਗਲ ਵੀ ਪਾ ਦੇਵੇ। ਇਸ ਜਨੇਊ ਨੂੰ ਨਾ ਮੈਲ ਲੱਗਦੀ ਹੈ, ਨਾ ਇਹ ਟੁੱਟਦਾ ਹੈ, ਨਾ ਇਹ ਜਲਦਾ ਹੈ, ਨਾ ਹੀ ਇਹ ਖਤਮ ਹੁੰਦਾ ਹੈ। ਅਜਿਹਾ ਜਨੇਊ ਪਾਣ ਵਾਲੇ ਮਨੁੱਖ ਧੰਨ ਹਨ।




**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**


ਇਸਲਾਮ ਵਿੱਚ ਪੰਜ ਨਿਮਾਜ਼ਾਂ ਪੜ੍ਹਨਾ ਮੋਮਨ ਦਾ ਫਰਜ਼ ਦੱਸਿਆ ਹੈ ਕਿ ਪਰ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨਮਾਜ਼ਾਂ ਦੇ ਤਸਵਰ ਨੂੰ ਨਵਾਂ ਸਰੂਪ ਬਖਸ਼ਿਆ ਹੈ।

ਗੁਰੂ ਨਾਨਕ ਦੇਵ ਜੀ ਅਨੁਸਾਰ ਪਹਿਲੀ ਨਮਾਜ ਸੱਚ ਦੀ ਤਲਾਸ਼, ਦੂਜੀ ਨਮਾਜ ਹਲਾਲ ਹਰਾਮ ਦੀ ਤਮੀਜ ਕਰਕੇ ਹਲਾਲ ਨੂੰ ਅਪਣਾਉਣਾ, ਤੀਜੀ ਨਮਾਜ ਖੁਦਾ ਦੀ ਖੁਦਾਈ (ਜੀਵ ਮਾਤ੍ਰ) ਦਾ ਭਲਾ ਚਾਹੁਣ, ਚੌਥੀ ਨਮਾਜ ਮਨੁੱਖੀ ਨੀਅਤ ਨੂੰ ਰਾਸ ਕਰਨਾ, ਦਰੁਸਤ ਰੱਖਣਾ ਹੈ ਅਤੇ ਪੰਜਵੀਂ ਨਮਾਜ ਖੁਦਾ ਸਿਫਤ ਤੇ ਸਨਾ (ਗੁਣ ਤੇ ਜਸ) ਦੀ ਹੈ।

ਬਾਬੇ ਨਾਨਕ ਨੇ ਤਾਂ ਆਪਣੀ ਜ਼ਿੰਦਗੀ ਦੇ ਇੱਕੀ ਕੁ ਸਾਲ ਚੌਹਾਂ ਉਦਾਸੀਆਂ ਦੇ ਵੇਲੇ ਦੇ ਭਰਮਣ ਵਿੱਚ ਗੁਜ਼ਾਰੇ। ਦੇਸ਼ ਦੇ ਅੱਡ ਅੱਡ ਭਾਗਾਂ ਵਿੱਚ ਸਥਿਤ ਉਸ ਸਮੇਂ ਧਾਰਮਿਕ ਸੰਤਾਂ-ਸਾਧੂਆਂ ਤੇ ਪੀਰਾਂ-ਫਕੀਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਉਨ੍ਹਾਂ ਤੇ ਮਾਨਵ ਏਕਤਾ ਦੇ ਉਦੇਸ਼ ਦੀ ਉਤਮਤਾ ਪ੍ਰਗਟਾਈ। ਕਰਮਾਂ ਕਾਂਡਾਂ ਦੀ ਥਾਂ 'ਤੇ ਅਚਾਰ ਦੀ ਸੁੱਚਤਾ ਤੇ ਸੱਚਤਾ ਨੂੰ ਅਪਨਾਉਣ ਦੀ ਗੱਲ ਕਹੀ।

ਵਿਦੇਸ਼ਾਂ ਵਿੱਚ ਵੀ ਉਹ ਇਸੇ ਮਕਸਦ ਲਈ ਗਏ। ਲੰਕਾਂ, ਤਿੱਬਤ, ਅਫਗਾਨਿਸਤਾਨ ਅਤੇ ਅਰਬ ਵਿੱਚ ਮੱਕਾ ਸ਼ਰੀਫ ਤੱਕ ਜਾਣ ਦੇ ਪ੍ਰਮਾਣ, ਉਥੋਂ ਦੇ ਧਾਰਮਿਕ ਸਥਾਨਾਂ ਤੋਂ ਮਿਲਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਸਿੱਖ ਲਹਿਰ ਦਾ ਸੁਲਤਾਨਪੁਰ ਤੋਂ ਆਰੰਭ ਕਰਦਿਆਂ ਇਹ ਹੋਕਾ ਦਿੱਤਾ ਸੀ-**'ਨਾ ਹਮ ਹਿੰਦੂ ਨਾ ਮੁਸਲਮਾਨ।'**

ਇਸੇ ਹੋਕੇ ਤੋਂ ਉਨ੍ਹਾਂ ਦਾ ਦ੍ਰਿਸ਼ਟੀਕੋਣ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਸਮੇਂ ਦੇ ਦੋਹਾਂ ਧਰਮਾਂ ਨੂੰ ਮੰਨਣ ਵਾਲੇ ਆਪਣੇ ਆਪਣੇ ਧਰਮ ਦੀ ਪਵਿੱਤਰ ਆਤਮਾ ਨੂੰ ਭੁੱਲ ਚੁੱਕੇ ਸਨ ਅਤੇ ਉਹ ਕਰਮ ਕਾਂਡੀ ਬਣ ਕੇ ਰਹਿ ਗਏ ਸਨ।

ਜਦੋਂ ਕੋਈ ਸੂਝਵਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਿੰਨ-ਸੂਤਰੀ ਕਾਰਜ-ਕ੍ਰਮ ਦੀ ਗੱਲ ਕਰਦਾ ਹੈ (੧) ਕਿਰਤ ਕਰਨ (੨) ਨਾਮ ਜਪਣ ਤੇ (੩) ਵੰਡ ਛਕਣ ਦੀ ਤਾਂ ਸੰਸਾਰ ਦੇ ਸਾਰੇ ਲੋਕਾਂ ਦੀ ਭਲਾਈ ਦੇ ਇਸ ਕਾਰਜ ਕ੍ਰਮ ਨੂੰ ਸਹੀ ਅਰਥਾਂ ਵਿੱਚ ਸਮਝਿਆ ਜਾ ਸਕਦਾ ਹੈ, ਇਹ ਕਿਸੇ ਇਕ ਸੰਪ੍ਰਦਾਇ-ਵਿਸ਼ੇਸ਼ ਦਾ ਕਾਰਜ ਕ੍ਰਮ ਨਹੀਂ ਜਾਪਦਾ। ਅਜੋਕੇ ਸਮੇਂ ਅਣਗਹਿਲੀ ਕਾਰਨ ਗੁਰੂ ਸਾਹਿਬ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਵਿਸ਼ਵ ਵਿਆਪੀ ਰੂਪ ਵਿੱਚ ਪਸਰਣ ਦੀ ਬਜਾਇ ਇੱਕ ਖਾਸ ਦਾਇਰੇ ਤੱਕ ਸੰਕੁਚਿਤ ਹੋ ਕੇ ਰਹਿ ਗਈਆਂ ਹਨ, ਜੋ ਕਿ ਗੁਰੂ ਜੀ ਦੇ ਮਾਨਵ-ਕਲਿਆਣਕਾਰੀ ਉਪਦੇਸਾਂ ਦੀ ਅਣਦੇਖੀ ਕਰਨ ਵਾਲੀ ਗੱਲ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨੁੱਖੀ ਏਕਤਾ, ਕਲਿਆਣ ਅਤੇ ਸਦਭਾਵਨਾ ਬਾਰੇ ਵਿਦਵਾਨ ਸੱਜਣ ਜਿਤਨੀ ਸਪੱਸ਼ਟਤਾ ਤੇ ਸਰਲਤਾ ਨਾਲ, ਪਰ ਪੂਰੀ ਸੂਝ-ਬੂਝ ਨਾਲ ਲਿਖਣਗੇ ਤਾਂ ਉਹ ਸਿੱਖ ਜਗਤ ਦਾ ਹੀ ਨਹੀਂ ਸਗੋਂ ਮਾਨਵ ਮਾਤ੍ਰ ਦਾ ਵੀ ਭਲਾ ਕਰਨਗੇ, ਜਿਹੜਾ ਕਿ ਗੁਰੂ ਸਾਹਿਬ ਜੀ ਦੀ ਸਿੱਖਿਆ ਦਾ ਸਹੀ ਮਨੋਰਥ ਹੈ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਨਵੰਬਰ ਮਹੀਨੇ ਦੀ ਕਾਰਗੁਜਾਰੀ ਦੀ ਰਿਪੋਰਟ



ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਦੀ ਸਕੀਮ ਕਾਰਜਕਰਨੀ ਕਮੇਟੀ ਵਲੋਂ ਪਾਸ ਕੀਤੀ ਗਈ ਸੀ। ਸਕਾਲਰਸ਼ਿਪ ਦੀ ਸਕੀਮ ਸਾਰੇ ਮੈਂਬਰਾਂ ਦੇ ਧਿਆਨ ਵਿਚ ਲਿਆਉਣ ਵਾਸਤੇ ਦੋ ਵਾਰ ਮੈਗਜ਼ੀਨ ਵਿਚ ਵੀ ਪਬਲਿਸ਼ ਕੀਤੀ ਗਈ ਸੀ। ਇਸ ਸਕੀਮ ਨੂੰ ਸਾਰੇ ਮੈਂਬਰਾਂ ਤਕ ਪਹੁੰਚਾਣ ਵਾਸਤੇ ਰਿਜ਼ਨਲ ਪ੍ਰਧਾਨਾਂ ਨੂੰ ਵੀ ਬੇਨਤੀ ਕੀਤੀ ਗਈ ਸੀ ਕਿ ਸਭ ਮੈਂਬਰਾਂ ਨੂੰ ਸੂਚਿਤ ਕਰਨ ਅਤੇ ਹਰ ਅਰਜੀ ਰਿਜ਼ਨਲ ਪ੍ਰਧਾਨਾਂ ਦੇ ਰਾਹੀਂ ਭੇਜੀ ਜਾਵੇ। ਇਹਨਾਂ ਅਰਜੀਆਂ ਦੀ ਜਾਂਚ ਕਰਨ ਵਾਸਤੇ ਸੱਤ ਮੈਂਬਰੀ ਕਮੇਟੀ ਬਣਾਈ ਗਈ ਸੀ ਅਤੇ ਅਰਜੀਆਂ ਭੇਜਣ ਦੀ ਆਖਰੀ ਤਰੀਕ 15 ਅਕਤੂਬਰ ਰੱਖੀ ਗਈ ਸੀ। 15 ਅਕਤੂਬਰ ਤੋਂ ਬਾਦ ਸਕਾਲਰਸ਼ਿਪ ਕਮੇਟੀ ਦੀਆਂ ਤਿੰਨ ਮੀਟਿਗਾਂ ਹੋ ਚੁਕੀਆਂ ਹਨ। ਸਕਾਲਰਸ਼ਿਪ ਦੀਆਂ ਛੇ ਕੈਟਾਗਰੀਆਂ ਬਣਾਈਆਂ ਗਈਆਂ ਸਨ ਅਤੇ ਸਾਰੀਆਂ ਕੈਟਾਗਰੀਆਂ ਵਾਸਤੇ ਟੋਟਲ 355 ਅਰਜੀਆਂ ਪਹੁੰਚ ਚੁੱਕੀਆਂ ਸਨ, ਜਿਸ ਵਿਚੋਂ 90 ਦੇ ਕਰੀਬ ਅਰਜੀਆਂ ਪਾਸ ਕਰ ਦਿੱਤੀਆਂ ਹਨ। ਕੈਟਾਗਰੀ ਏ ਦੀਆਂ 24, ਬੀ–29, ਸੀ–20, ਡੀ–1 ਅਤੇ ਕੈਟੇਗਰੀ ਈ–10 ਹਨ। ਸਾਰੀਆਂ ਪਾਸ ਕੀਤੀਆਂ ਅਰਜੀਆਂ ਪ੍ਰਧਾਨ ਜੀ ਵਲੋਂ ਅਜੇ ਦੇਖੀਆਂ ਜੀ ਰਹੀਆਂ ਹਨ। ਕਮੇਟੀ ਦੀ ਆਖਰੀ ਮੀਟਿੰਗ ਅਗਲੇ ਹਫਤੇ ਵਿਚ ਰਖੀ ਜਾਵੇਗੀ ਜਿਸ ਵਿੱਚ ਨੋਟੀਫੀਕੇਸ਼ਨ ਕਰ

ਦਿੱਤੀ ਜਾਵੇਗੀ। ਜੋ ਅਰਜੀਆਂ ਪਾਸ ਨਹੀਂ ਹੋ ਸਕੀਆਂ ਉਹਨਾਂ ਵਿਚੋਂ ਕੁਝ ਵਿਦਿਆਰਥੀ ਜਿਹੜੇ ਬਹੁਤ ਗਰੀਬ ਹਨ, ਉਹਨਾਂ ਨੂੰ ਸਪੈਸ਼ਲ ਗਰਾਂਟ ਦੇਣ ਵਾਸਤੇ ਵਿਚਾਰ ਕੀਤਾ ਜਾਏਗਾ। ਇਸ ਵਾਰ ਪੰਜਾਬ, ਹਰਿਆਣਾ, ਹਿਮਾਚਲ ਤੋਂ ਇਲਾਵਾ ਤਲਗਾਨਾ ਸਟੇਟ ਤੋਂ ਵੀ ਅਰਜੀਆਂ ਆਈਆਂ ਹਨ ਜਿਹਨਾਂ ਨੂੰ ਸਕੀਮ ਮੁਤਾਬਕ ਵਿਚਾਰ ਕੀਤਾ ਗਿਆ ਹੈ।

**ਮੈਡੀਕਲ ਵੈਨ ਬਾਰੇ** - ਨਵੰਬਰ ਦੇ ਮਹੀਨੇ ਵਿਚ ਖੂਨ ਟੈਸਟ ਕਰਨ ਵਾਸਤੇ ਪਿੰਡਾਂ ਅਤੇ ਸ਼ਹਿਰਾਂ ਵਿਚ ਗਿਆਰਾਂ ਕੈਂਪ ਲਗਾਏ ਗਏ, ਜਿਸਦਾ ਵੇਰਵਾ ਇਸ ਤਰ੍ਹਾਂ ਹੈ -

| **ਲੜੀ ਨੰ.** | **ਕੈਂਪ ਦਾ ਸਥਾਨ ਖੂਨ** | **ਟੈਸਟ ਸੈਂਪਲ ਲਏ ਗਏ** |
|---|---|---|
| 1. | ਸੰਤ ਪ੍ਰੇਮ ਸਿੰਘ ਕੰਪਲੈਕਸ ਜਲੰਧਰ | 19 |
| 2. | ਫੋਲੜੀਵਾਲ ਜਲੰਧਰ | 28 |
| 3. | ਸ਼ਾਸਤਰੀ ਨਗਰ ਜਲੰਧਰ | 30 |
| 4. | ਮਿਠੂ ਬਸਤੀ ਗੁਰਦੁਆਰਾ ਸਾਹਿਬ ਜਲੰਧਰ | 41 |
| 5. | ਪਿੰਡ ਜਬੋਵਾਲ ਕਪੂਰਥਲਾ | 35 |
| 6. | ਪਿੰਡ ਬਰਿਆਰਾਂ ਕਪੂਰਥਲਾ | 26 |
| 7. | ਮਕਸੂਦਾਂ ਜਲੰਧਰ | 40 |
| 8. | ਸਾਬੋਵਾਲ ਜਲੰਧਰ | 40 |
| 9. | ਹਰਬੰਸ ਨਗਰ ਜਲੰਧਰ | 42 |
| 10. | ਆਦਰਸ਼ ਨਗਰ | 42 |
| 11. | ਨੇੜੇ ਪੀ.ਐਨ.ਬੀ. ਚੌਂਕ (ਜੇ.ਪੀ. ਨਗਰ) ਜਲੰਧਰ | 43 |

**ਮੈਡੀਕਲ ਵਿੰਗ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ 30-ਏ ਚੰਡੀਗੜ੍ਹ ਦੀ ਮੈਨੇਜਮੈਂਟ ਨੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ, ਡੈਂਟਲ ਵਿੰਗ ਦੇ ਮਰੀਜ਼ਾਂ ਦੀ ਗਿਣਤੀ ਅਤੇ ਆਮਦਨ ਵਿਚ ਵਾਧਾ ਕਰਨ ਲਈ ਵੀ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ ਰਹੇ ਹਨ। ਡਾਕਟਰ ਦੀ ਭਰਤੀ ਲਈ ਭਾਲ ਕੀਤੀ ਜਾ ਰਹੀ ਹੈ। ਨਵੰਬਰ ਮਹੀਨੇ ਦਾ ਵੇਰਵਾ ਇਸ ਪ੍ਰਕਾਰ ਹੈ:-

**ਨਵੰਬਰ :-**

| | |
|---|---|
| ਮੈਡੀਕਲ ਓ.ਪੀ.ਡੀ | 180 |
| ਕਲੀਨਿਕਲ ਲੈਬ | 70 |

**ਜਗੀਰ ਸਿੰਘ ਲਾਲੀਆ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.)**

**ਚੰਡੀਗੜ੍ਹ**

# ਸੱਚੀ ਟੇਕ

**'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।**

**ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ**

**ਹੋਛੀ ਸਰਣਿ ਪਇਆ ਰਹਣੁ ਨ ਪਾਈ॥**
**ਕਹੁ ਮੀਤਾ ਹਉ ਕੈ ਪਹਿ ਜਾਈ॥**

**(ਆਸਾ ਮ:੫ ਪੰਨਾ ੩੭੧)**

ਬੰਦੇ ਦਾ ਸੁਭਾਅ ਉਦਾਰਤਾ ਵਾਲਾ ਚਾਹੀਦਾ ਹੈ, ਕਿਉਂਕਿ ਪਿਤਾ ਪ੍ਰਮਾਤਮਾ ਬਾਰੇ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ.

**ਗੁਨ ਗਨ ਉਦਾਰ॥ ਮਹਿਮਾ ਅਪਾਰ॥**

**(ਜਾਪੁ ਸਾਹਿਬ)**

ਪਰ ਭਲਿਆਂ ਦੇ ਪੁੱਤਰ ਵੀ ਬੁਰੇ ਨਿਕਲ ਪੈਂਦੇ ਹਨ। ਉਦਾਰ ਦਾ ਪੁੱਤਰ ਕ੍ਰਿਪਣ ਨਿਕਲਿਆ ਹੈ। ਇਕ ਬੱਚੇ ਵੱਲ ਵੇਖੋ, ਉਹ ਵੀ ਭਾਵੇਂ ਗੀਟੇ ਪੱਥਰ ਹੀ ਇਕੱਠੇ ਕਰਦਾ ਹੈ। ਹੱਥੋਂ ਛੱਡਣ ਵਾਸਤੇ ਤਿਆਰ ਨਹੀਂ। ਇਹੀ ਕਾਰਣ ਹੈ ਕਿ ਮਨੁੱਖ ਚਾਹੁੰਦਾ ਹੈ ਜੋ ਵੀ ਮਿਲੇ ਸਸਤਾ ਮਿਲੇ, ਸੌਖਾ ਮਿਲ ਜਾਏ।



ਇਕ ਕ੍ਰਿਪਣ ਬੀਮਾਰ ਹੋ ਗਿਆ। ਬੱਚੇ ਇਲਾਜ ਲਈ ਦੌੜ-ਭੱਜ ਕਰਨ ਲੱਗ ਪਏ। ਉਸ ਨੇ ਡਾਕਟਰ ਵੀ ਆਪ ਹੀ ਚੁਣਿਆ ਜਿਹੜਾ ਬਹੁਤ ਸਸਤਾ ਸੀ। ਉਹ ਆਖੇ, ਮੈਨੂੰ ਜਨਰਲ ਵਾਰਡ ਵਿਚ ਹੀ ਰਹਿਣ ਦਿਉ ਕਿਉਂਕਿ ਸਸਤਾ ਹੈ। ਫਿਰ ਕੈਮਿਸਟ ਬਾਰੇ ਦੱਸਿਆ ਕਿ ਮੇਰਾ ਵਾਕਫ਼ ਹੈ, ਉਥੇ ਜਾਉ ਦਵਾਈ ਸਸਤੀ ਦੇਵੇਗਾ। ਅੱਗੋਂ ਮੁਸ਼ਕਲ ਇਹ ਆ ਬਣੀ ਕਿ ਗੱਲ ਅਪ੍ਰੇਸ਼ਨ ਤੱਕ ਆ ਪਹੁੰਚੀ। ਹਜ਼ਾਰਾਂ ਦਾ ਖ਼ਰਚਾ ਸੀ। ਪੁੱਤਰਾਂ ਨੂੰ ਕਹਿਣ ਲੱਗਾ ਸੁਣੋ, ਅੱਜ ਤੱਕ ਜਿੰਨੇ ਪੀਰ ਅਵਤਾਰ ਹੋਏ ਹਨ, ਕੋਈ ਬਚਿਆ ਹੈ—

**ਰਾਮੁ ਗਇਓ ਰਾਵਨੁ ਗਇਓ ਜਾਕਉ ਬਹੁ ਪਰਵਾਰ॥**

**(ਸਲੋਕ ਮ: ੯, ਪੰਨਾ ੧੪੨੯)**

ਗੁਰਮੁਖ ਬੰਦਾ ਉਹ ਹੈ ਜੋ ਰੱਬ ਦੀ ਰਜ਼ਾ ਵਿਚ ਰਾਜ਼ੀ ਰਹੇ। ਮਰਨਾ ਤਾਂ ਇਕ ਦਿਨ ਹੈ ਤੁਸੀਂ ਮੈਨੂੰ ਬੇਮੁਖ ਕਰਕੇ ਨਾ ਮਾਰੋ। ਜੇ ਮੇਰੀ ਵਧੀ ਹੀ ਨਹੀਂ ਤਾਂ ਇਕ ਡਾਕਟਰ ਕੀ ਕਰਨਗੇ, ਫਿਰ ਦੱਸੋ ਡਾਕਟਰ ਆਪ ਨਹੀਂ ਮਾਰਦੇ। ਵੱਡਾ ਪੁੱਤਰ ਇਸ ਦੀ ਕਮਜ਼ੋਰੀ ਨੂੰ ਸਮਝਦਾ ਸੀ, ਕਿ ਹੁਣ ਇਸਦੇ ਅੰਦਰੋਂ ਰੱਬੀ ਗਿਆਨ ਨਹੀਂ ਬੋਲ ਰਿਹਾ, ਇਸ ਦੇ ਅੰਦਰੋਂ ਕੰਜੂਸ ਬੋਲ ਰਿਹਾ ਹੈ। ਪੁੱਤਰ ਨੇ ਇਕ ਗੱਲ ਕਹੀ, ਪਿਤਾ ਜੀ! ਦੋ ਕੰਮ ਤੁਹਾਡੇ ਰਹਿ ਗਏ ਹਨ, ਅਸੀਂ ਤੁਹਾਡੇ ਆਗਿਆਕਾਰੀ ਪੁੱਤਰ ਹਾਂ ਚੰਗਾ ਕਰੋ ਉਹ ਵੀ ਕਰ ਹੀ ਜਾਉ। ਉਹ ਦੋ ਕੰਮ ਹਨ, ਇਕ ਕਫਨ ਦੇ ਕੱਪੜੇ ਦਾ ਭਾਅ ਤਹਿ ਕਰ ਜਾਉ ਤੇ ਦੂਸਰਾ ਸ਼ਮਸ਼ਾਨ ਘਾਟ ਵਿਚ ਲੱਕੜਾਂ ਦਾ ਭਾਅ ਵੀ ਆਪ ਹੀ ਤਹਿ ਕਰ ਜਾਉ। ਪਤਾ ਉਸ ਨੇ ਉੱਤਰ ਕੀ ਦਿੱਤਾ ਸੀ, ਕਹਿਣ ਲੱਗਾ, ਬੇਟਾ ਇਸ ਲਈ ਦੋ ਥਾਵਾਂ 'ਤੇ ਜਾਣ ਦੀ ਲੋੜ ਨਹੀਂ ਸਿਰਫ਼ ਸ਼ਮਸ਼ਾਨ ਘਾਟ ਹੀ ਜਾਣਾ ਪਵੇਗਾ ਉੱਥੇ ਕੱਪੜੇ ਵੀ ਮਿਲ ਜਾਂਦੇ ਹਨ। ਉਤਰੇ ਕੱਪੜੇ ਹੀ ਸਹੀ ਤੁਸੀਂ ਵੀ ਸਾੜ ਹੀ ਦੇਣੇ ਹਨ। ਇਕ ਅਦੀਬ ਨੇ ਸੱਚ ਹੀ ਕਿਹਾ ਹੈ—

**ਮਾਸ਼ੂਕ ਦੀ ਤੁਰਬਤ ਤੇ ਕੋਈ ਫੁੱਲ ਚੜ੍ਹਾਉਂਦਾ ਏ**
**ਅਸੀਂ ਕਮਬਖ਼ਤ ਐਸੇ ਹਾਂ, ਜੋ ਕਫਨ ਲਾਹੁਣ ਜੰਮੇ ਹਾਂ।**

ਬੰਦਾ ਹਰ ਚੀਜ਼ ਬਾਰੇ ਸੋਚਦਾ ਹੈ ਕਿ ਸਸਤੀ ਮਿਲੇ ਸਸਤੀ ਮਿਲੇ। ਇਸਦੀ ਨਜ਼ਰ ਵਿਚ ਮਾਇਆ ਦੀ ਕੀਮਤ ਹੈ ਜੀਵਨ ਦੀ ਕੀਮਤ ਹੀ ਕੋਈ ਨਹੀਂ। ਹੋਵੇ ਵੀ ਕਿਵੇਂ ਕਿਉਂਕਿ ਉਸ ਦਾਤੇ ਨੇ ਮੁਫ਼ਤ ਦਿੱਤਾ ਹੈ। ਇਕ ਕਥਾ ਹੈ ਇਕ ਬੰਦੇ ਕੋਲ ਬੜਾ ਵਫ਼ਾਦਾਰ ਨੌਕਰ ਸੀ, ਬੜੀ ਸੇਵਾ ਕਰਦਾ ਸੀ, ਸੰਭਾਲ ਕਰਦਾ ਸੀ। ਇਸ ਦੀ ਤੇ ਇਸ ਦੇ ਘਰ ਦੀ ਪੂਰੀ ਰਖਵਾਲੀ ਕਰਦਾ ਸੀ। ਮਹਿੰਗਾਈ ਵਧੀ ਉਸ ਨੇ ਤਨਖਾਹ ਵਧਾਉਣ ਦੀ ਮੰਗ ਕੀਤੀ, ਇਸ ਨੇ ਕਿਹਾ ਵੇਖ ਭਾਈ ਤੂੰ ਵੀ ਉਹੋ ਤੇ ਮੈਂ ਵੀ ਉਹੋ ਤੇ ਤਨਖਾਹ ਵੀ ਉਹੋ ਰਹੇਗੀ ਜਾਂ ਦੱਸ ਕੁਝ ਬਦਲਿਆ ਹੈ। ਜੇ ਬਾਕੀ ਕੁਝ ਨਹੀਂ ਬਦਲਿਆ ਤਾਂ ਤਨਖਾਹ ਵੀ ਨਹੀਂ ਬਦਲੇਗੀ। ਬੇਵਸ ਹੋ ਕੇ ਨੌਕਰ ਚਲਾ ਗਿਆ। ਇਸ ਨੇ ਨੌਕਰ ਹੋਰ ਰੱਖ ਲਿਆ। ਉਸ ਨੂੰ ਪੁੱਛਿਆ ਕਿ ਤਨਖਾਹ? ਕਹਿਣ ਲੱਗਾ, ਜੀ ਰੋਟੀ ਕੱਪੜਾ ਦੇਣਾ ਬਾਕੀ ਜੋ ਤੁਹਾਡੀ ਮਰਜ਼ੀ ਹੋਵੇ। ਕਹਿਣ ਲੱਗਾ, ਤੂੰ ਹੈਂ ਅਸਲ ਧਾਰਮਿਕ ਬੰਦਾ। ਪਹਿਲਾ ਗਿਆ ਹੈ ਮਾਇਆ ਦਾ ਕੀੜਾ। ਜਿਸਨੂੰ ਰੱਬ ਤੇ ਭਰੋਸਾ ਹੀ ਨਹੀਂ ਬਸ ਨੌਕਰ ਚਾਹੀਦਾ ਹੀ ਤੇਰੇ ਵਰਗਾ ਹੈ। ਪੈਸੈ ਲੈਣ ਵਾਲਾ ਨੌਕਰ ਕੀ ਹੋਇਆ ਐਸੇ ਬੰਦੇ ਨੂੰ ਤਾਂ ਘਰ ਨਹੀਂ ਵੜਨ ਦੇਣਾ ਚਾਹੀਦਾ, ਜਿਹੜਾ ਤਨਖਾਹ ਦੇ ਪੈਸੇ ਤਹਿ ਕਰੇ। ਮਾਲਕ ਸੁੱਤਾ ਸੀ। ਨੌਕਰ ਨੂੰ ਕਿਹਾ ਕਿ ਤੂੰ ਧਿਆਨ ਰੱਖਣਾ ਮੇਰੇ ਤੇ ਕੋਈ ਮੱਖੀ ਬੈਠੇ ਤਾਂ ਉਡਾ ਦੇਣੀ। ਨੌਕਰ ਨੇ ਕਿਹਾ, ਸਤਿਬਚਨ। ਮਾਲਕ ਸੌਂ ਗਿਆ। ਇਕ ਮੱਖੀ ਵਾਰ-ਵਾਰ ਆ ਕੇ ਬੈਠ ਜਾਏ, ਬੈਠੇ ਵੀ ਮੂੰਹ ਤੇ ਪੰਜ ਵਾਰ, ਦੱਸ ਵਾਰ ਉਡਾਈ। ਆਖ਼ਰ ਨੂੰ ਗੁੱਸਾ ਆਇਆ ਤੇ ਕਹਿਣ ਲੱਗਾ, ਵੇਖ ਮੈਂ ਤੈਨੂੰ ਆਖਰੀ ਵਾਰ ਕਹਿੰਦਾ ਹਾਂ ਕਿ ਜੇ ਤੂੰ ਹੁਣ ਆਈ ਤਾਂ ਨਤੀਜੇ

ਬੁਰੇ ਭੁਗਤਣੇ ਪੈਣਗੇ, ਤੂੰ ਜ਼ਿੰਦਗੀ ਤੋਂ ਹੱਥ ਧੋ ਬੈਠੇਂਗੀ। ਪਰ ਮੱਖੀ ਕਿਤੇ ਅਜਿਹੇ ਉਪਦੇਸ਼ ਸੁਣਦੀ ਹੈ। ਮੱਖੀ ਕਿਤੇ ਬੰਦੇ ਦੀ ਪ੍ਰਵਾਹ ਕਰਦੀ ਹੈ। ਉਹ ਫਿਰ ਆ ਬੈਠੀ, ਕੋਲ ਇਕ ਮੋਟਾ ਸੋਟਾ ਪਿਆ ਸੀ। ਉਸ ਨੇ ਦੋਵਾਂ ਹੱਥਾਂ ਨਾਲ ਪੂਰੇ ਜ਼ੋਰ ਨਾਲ ਮੱਖੀ ਨੂੰ ਮਾਰਿਆ। ਮਨ ਵਿਚ ਤਾਂ ਸਮਝ ਰਿਹਾ ਸੀ ਕਿ ਮੈਂ ਵੀ ਮਹੰਤ ਕ੍ਰਿਪਾਲ ਦਾਸ ਦਾ ਹੀ ਅਵਤਾਰ ਹਾਂ। ਉਸਨੇ ਕੁਤਕੇ ਨਾਲ ਹਯਾਤ ਖਾਂ ਨੂੰ ਮਾਰਿਆ ਸੀ ਮੈਂ ਮੱਖੀ ਨੂੰ ਮਾਰਿਆ ਹੈ। ਪਰ ਗੱਲ ਉਲਟ ਹੋ ਗਈ। ਮਾਲਕ ਦਾ ਮੂੰਹ ਸਭ ਫਿੱਸ ਗਿਆ। ਜਦੋਂ ਬੋਲਣ ਜੋਗਾ ਹੋਇਆ ਉਸ ਨੇ ਪੁੱਛਿਆ, ਓ ਮੂਰਖ ਨੌਕਰ। ਤੂੰ ਇਹ ਕੀ ਕੀਤਾ। ਕਹਿਣ ਲੱਗਾ ਜੀ ਮੱਖੀ ਨੂੰ ਮਾਰਿਆ ਸੀ। ਉਸ ਮਾਲਕ ਨੇ ਕਿਹਾ, ਮੱਖੀ ਨੂੰ ਡੰਡਾ ਮਾਰਨਾ ਸੀ। ਨੌਕਰ ਨੇ ਕਿਹਾ ਸ਼ੁਕਰ ਹੈ ਪ੍ਰਮਾਤਮਾ ਦਾ। ਮੈਂ ਤਾਂ ਅਜੇ ਕੁਹਾੜੀ ਮਾਰਨ ਲੱਗਾ ਸਾਂ ਕੁਹਾੜੀ ਦੂਰ ਸੀ, ਸੋਟਾ ਨੇੜੇ ਸੀ। ਅਖੀਰ ਕਹਿਣ ਲੱਗਾ, ਮਾਲਕ ਨਰਾਜ਼ ਨਾ ਹੋਣਾ ਮੈਂ ਤਾਂ ਨਿਸ਼ਕਾਮ ਸੇਵਕ ਹਾਂ, ਮੈਂ ਕਿਹੜੀ ਤਨਖਾਹ ਤਹਿ ਕੀਤੀ ਹੈ ਤੇ ਇੰਨੇ ਦਾ ਇੰਨਾ ਕੁਝ ਹੀ ਆਉਂਦਾ ਹੈ।

ਭਾਈ ਗੁਰਦਾਸ ਜੀ ਨੇ ਇਸ ਭਾਵ ਦੀ ਇਕ ਬੜੀ ਸੁੰਦਰ ਕਥਾ ਇਕ ਪਉੜੀ ਵਿਚ ਲਿਖੀ ਹੈ ਇਕ ਊਠਾਂ ਵਾਲਾ ਜਾ ਰਿਹਾ ਸੀ। ਉਸਦੇ ਊਠ ਨੇ ਖੇਤ ਵਿਚੋਂ ਇਕ ਖਰਬੂਜ਼ਾ ਖਾ ਲਿਆ। ਉਹ ਖਰਬੂਜਾ ਉਸਦੇ ਗਲ ਵਿਚ ਫਸ ਗਿਆ ਤੇ ਊਠ ਨਿਢਾਲ ਹੋ ਕੇ ਡਿੱਗ ਪਿਆ। ਮਾਲਕ ਸਿਆਣਾ ਸੀ। ਉਸਨੇ ਨੇੜੇ ਪਏ ਪੱਥਰਾਂ ਵਿਚੋਂ ਇਕ ਪੱਥਰ ਊਠ ਦੀ ਗਰਦਨ ਥੱਲੇ ਰੱਖਿਆ, ਇਕ ਉਪਰੋਂ ਮਾਰਿਆ। ਉਹ ਕਚਰਾ ਫਿਸ ਗਿਆ, ਊਠ ਦੇ ਗਲੇ ਵਿਚੋਂ ਉਹ ਅੰਦਰ ਚਲਾ ਗਿਆ। ਊਠ ਰਾਜ਼ੀ ਹੋ ਕੇ ਉੱਠਿਆ ਤੇ ਤੁਰ ਪਿਆ। ਕੋਲੋਂ ਇਕ ਬੰਦਾ ਵੇਖ ਰਿਹਾ ਸੀ, ਉਸਨੇ ਫੌਰਨ ਇਹ ਨੁਸਖਾ ਨੋਟ ਕੀਤਾ ਤੇ ਰਸੌਲੀ ਜਾਂ ਗਿਲੜ ਇਸ ਦਾ ਇਲਾਜ ਕਰਨ ਲਈ ਵੈਦ ਬਣ ਕੇ ਤੁਰ ਪਿਆ।

ਸਿਆਣੇ ਪੁਰਸ਼ਾਂ ਦਾ ਕਥਨ ਠੀਕ ਹੀ ਹੈ ਕਿ

ਨੀਮ ਹਕੀਮ ਖਤਰਾ-ਏ ਜਾਨ।

ਪਰ ਸੱਚ ਹੈ ਕਿ ਮਾਇਆ ਨਾਲੋਂ ਜ਼ਿੰਦਗੀ ਨੂੰ ਸਸਤੀ ਸਮਝਣ ਵਾਲੇ ਬੰਦੇ ਛੇਤੀ ਮੌਤ ਦੇ ਮੂੰਹ ਵਿਚ ਪੈਣ ਵਾਸਤੇ ਇਨ੍ਹਾਂ ਪਾਸ ਜਾ ਹੀ ਪੁੱਜਦੇ ਹਨ। ਇਕ ਬਿਰਧ ਮਾਤਾ ਬੀਮਾਰ ਸੀ। ਬੱਚੇ ਕਿਰਸਾਨੀ ਕਰਦੇ ਸਨ ਕੁਝ ਹੈ ਵੀ ਕੰਜੂਸ ਸਨ। ਮਾਈ ਦੇ ਗਲ ਵਿਚ ਰਸੌਲੀ ਸੀ ਪਰ ਉਨ੍ਹਾਂ ਵਿਚੋਂ ਕੋਈ ਵੀ ਕਿਤੇ ਇਲਾਜ ਵਾਸਤੇ ਲੈ ਕੇ ਨਹੀਂ ਸੀ ਜਾਂਦਾ। ਪਰ ਅੱਜ ਤਾਂ ਭਾਗ ਜਾਗ ਪਏ ਕਿ ਹਿਕਮਤ ਦੇ ਬਾਦਸ਼ਾਹ ਮੁਰਦਿਆਂ ਨੂੰ ਜ਼ਿੰਦਾ ਕਰਨ ਵਾਲੇ ਵੈਦਰਾਜ ਆਪ ਹੀ ਗਲੀ ਵਿਚ ਆ ਪਹੁੰਚੇ ਤੇ ਹੋਕਾ ਦਿੱਤਾ ਕਿ ਦੁਖੀ ਲੋਕੋ! ਤੁਹਾਡੇ ਇਲਾਜ ਲਈ ਰੱਬ ਨੇ ਮੈਨੂੰ ਭੇਜਿਆ ਹੈ। ਇਥੇ ਕੋਈ ਮਾਈ ਹੈ ਜਿਸ ਦੇ ਗਲੇ ਵਿਚ ਰਸੌਲੀ ਹੈ ਮੈਂ ਸਿਰਫ ਉਸਨੂੰ ਹੀ ਲੱਭਦਾ ਆਇਆ ਹਾਂ। ਕਿਉਂਕਿ ਇਸ ਮਰਜ਼ ਦਾ ਮੈਂ ਉਚੇਚੇ ਤੌਰ 'ਤੇ ਇਲਾਜ ਕਰਦਾ ਹਾਂ। ਮਾਈ ਨੇ ਸੁਖ ਦਾ ਸਾਹ ਲਿਆ ਕਿ ਰੱਬ ਨੇ ਵੈਦ ਭੇਜਿਆ ਹੈ। ਪੁੱਤਰਾਂ ਨੇ ਪੁੱਛਿਆ ਕਿ ਬਾਬਾ ਜੀ, ਖਰਚਾ ਕਿੰਨਾ ਕੁ ਆਵੇਗਾ। ਵੈਦ ਸਾਹਿਬ ਨੇ ਕਿਹਾ, ਮੈਂ ਨਿਸ਼ਕਾਮ ਸੇਵਕ ਹਾਂ, ਮੈਂ ਪੈਸੇ ਤਹਿ ਕਰਨ ਵਾਲਾ ਵੈਦ ਨਹੀਂ। ਅਸੀਂ ਦੁਨੀਆ ਵਿਚ ਪਰਉਪਕਾਰ ਲਈ ਵਿਚਰ ਰਹੇ ਹਾਂ। ਖ਼ੈਰ ਇਲਾਜ ਸ਼ੁਰੂ ਹੋਇਆ ਮਾਈ ਨੂੰ ਧਰਤੀ ਤੇ ਲਿਟਾ ਦਿੱਤਾ। ਇਕ ਪੱਥਰ ਥੱਲੇ ਰੱਖਿਆ, ਇਕ ਉਪਰੋਂ ਮਾਰਿਆ। ਮਾਈ ਹੁਕਮ ਸਤ ਹੋ ਗਈ। ਘਰ ਵਿਚ ਰੋਣਾ ਪੈ ਗਿਆ। ਮਾਤਾ ਦੇ ਪੁੱਤਰਾਂ ਨੇ ਕਿਹਾ, "ਵੈਦ ਸਾਹਿਬ ਤੁਸੀਂ ਇਹ ਇਲਾਜ ਕੀ ਕੀਤਾ ਹੈ?" ਵੈਦ ਸਾਹਿਬ ਕਹਿਣ ਲੱਗੇ ਇਲਾਜ ਤਾਂ ਮੈਂ ਜਿਵੇਂ ਉਸਤਾਦ ਕੋਲੋਂ ਸਿੱਖਿਆ ਸੀ ਉਸੇ ਤਰ੍ਹਾਂ ਹੀ ਕੀਤਾ ਹੈ। ਜ਼ਰਾ ਫਰਕ ਨਹੀਂ, ਇਸ ਮਾਈ ਦੀ ਲਿਖੀ ਹੀ ਮੇਰੇ ਹੱਥੋਂ ਸੀ। ਮੈਂ ਕੀ ਕਰਾਂ। ਰੋ ਕੇ ਕਹਿਣ ਲੱਗਾ, ਮੇਰੇ ਮੰਦੇ ਭਾਗ ਹਨ, ਮੈਂ ਪਹਿਲਾਂ ਹੀ ਇਲਾਜ ਕੀਤਾ ਹੈ ਉਹ ਵੀ ਸਫ਼ਲ ਨਹੀਂ ਹੋਇਆ। ਕਿੰਨੀ ਮਨਹੂਸ ਸੀ ਮਾਈ। ਮੇਰੀ ਵੈਦਗੀ ਦਾ ਕੀ ਬਣੇਗਾ? ਬੱਚਿਆਂ ਨੂੰ ਸ਼ੱਕ ਪਿਆ। ਉਨ੍ਹਾਂ ਪੁੱਛਿਆ ਕਿ ਸਾਡੀ ਮਾਂ ਤੇ ਹੀ ਪਹਿਲੇ ਇਲਾਜ ਦਾ ਅਭਿਆਸ ਕਰਨ ਵਾਲੇ ਵੈਦ! ਤੂੰ ਦੱਸ ਕਿ ਇਹ ਵੈਦਗੀ ਸਿੱਖੀ ਕਿੱਥੋਂ ਹੈ? ਸਿਪਾਹੀ ਆ ਗਏ ਵੈਦ ਨੂੰ ਫੜਿਆ। ਮਾਰ-ਕੁਟਾਈ ਕੀਤੀ ਤਾਂ ਵੈਦ ਸਾਹਿਬ ਨੇ ਦੱਸਿਆ ਕਿ ਇਹ ਇਲਾਜ ਮੈਂ ਊਠਾਂ ਵਾਲੇ ਕੋਲੋਂ ਵੇਖਿਆ ਸੀ। ਸਿੱਖਿਆ ਵੀ ਨਹੀਂ ਸਿਰਫ਼ ਵੇਖਿਆ ਸੀ। ਮੈਂ ਕਿਹੜਾ ਇਨ੍ਹਾਂ ਕੋਲੋਂ ਕੁਝ ਲਿਆ ਹੈ। ਨਿਸ਼ਕਾਮ ਸੇਵਾ ਹੀ ਕੀਤੀ ਹੈ ਇਨ੍ਹਾਂ ਨੂੰ ਨਹੀਂ ਚੰਗੀ ਲੱਗਦੀ ਤਾਂ ਅੱਗੋਂ ਨਾ ਕਰਾਉਣ। ਭਾਈ ਗੁਰਦਾਸ ਜੀ ਲਿਖਦੇ ਹਨ।

*ਵੈਦਿ ਚੰਗੇਰੀ ਊਠਨੀ ਲੈ ਸਿਲਵਟਾ ਕਚਰਾ ਭੰਨਾ॥*
*ਸੇਵਕ ਸਿਖੀ ਵੈਦਗੀ ਮਾਰੀ ਬੁਢੀ ਰੋਵਨਿ ਰੰਨਾਂ॥*
*ਪਕੜਿ ਚਲਾਇਆ ਰਾਵਲੈ ਪਉਦੀ ਉਘੜਿ ਗਏ ਸੁ ਕੰਨਾ॥*
*ਪੁਛੈ ਆਖਿ ਵਖਾਣਿਉਨ ਉਘੜਿ ਗਇਆ ਪਾਜ ਪਰਛੰਨਾ।*
*ਪਾਰਖੂਆਂ ਚੁਣਿ ਕਢਿਆ ਜਿਉ ਕਚਕੜਾ ਨਾ ਰਲੈ ਰਤੰਨਾ॥*
*ਮੂਰਖ ਅਕਲੀ ਬਾਹਰਾ ਵਾਸਹੁ ਮੂਲਿ ਨਾ ਹੋਵੀ ਗੰਨਾ।*
*ਮਾਣਸ ਦੇਹੀ ਪਸੂ ਉਪੰਨਾ॥*

**(ਵਾਰ ॥੩੨॥ ਪਉੜੀ ॥੧੬॥)**

ਜੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਪਨ ਆਪਣਾ ਤਨ-ਮਨ-ਧਨ ਨਾ ਰਖਿਆ ਤਾਂ ਸਾਨੂੰ ਸਾਡੀ ਕ੍ਰਿਪਣਤਾ ਦੇ ਕਾਰਨ ਪਹਿਰੇਦਾਰ ਉਹ ਮਿਲਣਗੇ ਜਿਹੜੇ ਮੂੰਹ ਸਿਰ ਭੰਨ ਦੇਣਗੇ। ਜੇ ਅਸੀਂ ਵੈਦ ਗੁਰੂ ਗੋਬਿੰਦ ਨੂੰ ਛੱਡ ਕੇ ਕੋਈ ਸਸਤਾ ਕੰਮ ਲੱਭਿਆ ਤਾਂ ਜਨਮ-ਮਰਨ ਦੇ ਦੋਹਾਂ ਪੱਥਰਾਂ ਵਿਚ ਗਰਦਨ ਪਿਸ ਜਾਵੇਗੀ। ਮੂਰਖਾਂ ਦੀ ਸਿੱਖਿਆ ਤੋਂ ਬਚਣਾ। ਮੂਰਖ ਮਿੱਤਰ ਦੀ ਮਿੱਤਰਤਾ ਤੋਂ ਬਚਣਾ। ਮੂਰਖ ਗੁਰੂ ਦੀ ਸੇਵਕੀ ਤੋਂ ਬਚਣਾ। ਇਹੋ ਜਿਹੇ ਹੋਛੇ ਗੁਰੂਆਂ ਦੀ ਸ਼ਰਣ ਲੈ ਕੇ ਕੋਈ ਆਖੇ ਮਹਾਂ-ਮਾਇਆ ਤੋਂ ਬਚ ਜਾਵਾਂ ਇਹ ਨਾ-ਮੁਮਕਿਨ ਹੈ ਉਸ ਤੋਂ ਤਾਂ ਪੂਰਾ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਬਚਾ ਸਕਦਾ ਹੈ।

ਸਤਿਗੁਰੂ ਫ਼ਰਮਾਉਂਦੇ ਹਨ

*ਹੋਛੀ ਸਰਣਿ ਪਇਆ ਰਹਣੁ ਨਾ ਪਾਈ॥*
*ਕਹੁ ਮੀਤਾ ਹਉ ਕੈ ਪਹਿ ਜਾਈ।*

ਉੱਤਰ ਮਿਲਦਾ ਹੈ ਕਿ

*ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ॥*
*ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ॥*

**(ਕਾਨੜਾ ਮ : ੫, ਪੰਨਾ ੧੩੦੫)**

ਪਰ ਇਹ ਮਤਿ ਲੈਣ ਵਾਸਤੇ **ਬਹੀਐ ਪੜਿਆ ਪਾਸਿ॥**

# ਬਜ਼ੁਰਗਾਂ ਦੀ ਸੰਭਾਲ ਤੇ ਸਤਿਕਾਰ

**"ਇਹ ਗੱਲ ਮੰਨਣੀ ਪਵੇਗੀ ਕਿ ਸਾਡੇ ਸਮਾਜ ਵਿਚ ਮਾਪੇ ਆਪਣੇ ਲਈ ਘੱਟ ਜਿਉਂਦੇ ਹਨ ਤੇ ਆਪਣੀ ਔਲਾਦ ਲਈ ਵੱਧ ਜਿਉਂਦੇ ਹਨ। ਉਹ ਆਪਣੇ ਜੀਵਨ ਦਾ ਵੱਡਾ ਹਿੱਸਾ ਬੱਚਿਆਂ ਨੂੰ ਹੀ ਸੈਟਲ ਕਰਨ ਵਿਚ ਲਗਾ ਦਿੰਦੇ ਹਨ। ਫਿਰ ਵੀ ਅੱਜ ਦੇ ਬਜ਼ੁਰਗ ਬਿਰਧ ਆਸ਼ਰਮ ਵਿਚ ਇਕਲਾਪੇ ਦਾ ਸੰਤਾਪ ਭੋਗ ਰਹੇ ਹਨ। ਇਹ ਵੀ ਸੱਚ ਹੈ ਕਿ ਬਹੁਤੇ ਬਜ਼ੁਰਗ ਜੋ ਘਰਾਂ ਵਿਚ ਪਰਿਵਾਰਾਂ ਦੇ ਨਾਲ ਰਹਿ ਰਹੇ ਹਨ ਉਹਨਾਂ ਵਿਚੋਂ ਬਹੁਤਿਆਂ ਦੇ ਬੱਚੇ ਉਹਨਾਂ ਨੂੰ ਭਾਰ ਹੀ ਸਮਝਦੇ ਹਨ ਜਾਂ ਘਰ ਦੇ ਤਾਲੇ ਤੋਂ ਵੱਧ ਕੋਈ ਅਹਿਮੀਅਤ ਨਹੀਂ ਦਿੰਦੇ। ਘਰ ਦੀ ਔਰਤ ਕਿਸੇ ਡੇਰੇ ਜਾਂ ਧਰਮ ਸਥਾਨ ਤੇ ਜਾ ਕੇ ਕੀਤੀ ਸੇਵਾ ਨੂੰ ਸੇਵਾ ਸਮਝਦੀ ਹੈ ਪ੍ਰੰਤੂ ਘਰ ਵਿਚ ਬੈਠੇ ਬਜ਼ੁਰਗਾਂ ਨੂੰ ਖਾਣਾ ਪਾਣੀ ਦੇਣਾ ਸਿਆਪਾ ਕਹਿੰਦੀ ਹੈ।"**




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ਼ਫਸਰ**
**(ਸੇਵਾ ਮੁਕਤ)**
**ਸੰਪਾਦਕ**
98141-28181




ਪਿਛਲੇ ਸਮੇਂ ਪੰਜਾਬੀ ਸਭਿਆਚਾਰ ਅਤੇ ਰੀਤੀ ਰਿਵਾਜ਼ਾਂ ਦੀ ਅਮੀਰੀ ਵਿਚ ਕੋਈ ਵੀ ਪਰਿਵਾਰ ਦੇ ਵੱਡੇ ਅਤੇ ਬਜ਼ੁਰਗ ਮੈਂਬਰਾਂ ਦੀ ਅਣਦੇਖੀ ਜਾਂ ਘੱਟ ਸਤਿਕਾਰ ਕਰਨ ਬਾਰੇ ਸੋਚ ਵੀ ਨਹੀਂ ਸੀ ਸਕਦਾ। ਵੱਡੇ ਅਤੇ ਜੁੜੇ ਹੋਏ ਸਾਂਝੇ ਪਰਿਵਾਰ ਦਾ ਚਲਣ ਸੀ ਅਤੇ ਵੱਡੇ ਤੇ ਬਜ਼ੁਰਗ ਮੈਂਬਰਾਂ ਨੂੰ ਘਰ ਵਿਚ ਸਿਆਣਾ ਮੰਨਿਆ ਜਾਂਦਾ ਸੀ ਤੇ ਪਰਿਵਾਰ ਵਿਚ ਹਰ ਤਰ੍ਹਾਂ ਦੇ ਫੈਸਲੇ ਬਜ਼ੁਰਗਾਂ ਦੀ ਸਲਾਹ ਅਤੇ ਸੋਚ ਅਨੁਸਾਰ ਕੀਤੇ ਜਾਂਦੇ ਸਨ। ਬਜ਼ੁਰਗਾਂ ਨੂੰ ਬੋਝ ਮੰਨਣ ਦਾ ਕੋਈ ਸੋਚ ਵੀ ਨਹੀਂ ਸਕਦਾ ਸੀ। ਘਰਾਂ ਵਿਚ ਆਮ ਕਰਕੇ ਜਵਾਨੀ ਅਤੇ ਅਧਖੜੇ ਦੀ ਉਮਰ ਵਿਹਾ ਕੇ ਬੁਢਾਪੇ ਵਿਚ ਪਹੁੰਚੇ ਵਡੇਰੇ ਦੀ ਜਦੋਂ ਉਸ ਦੀ ਸਿਹਤ ਬਿਲਕੁਲ ਜਵਾਬ ਦੇ ਦਿੰਦੀ ਤਾਂ ਉਸ ਦਾ ਮੰਜਾ ਬਾਹਰਲੇ ਦਰਵਾਜ਼ੇ ਲਾਗੇ ਲਗਾ ਦਿੱਤਾ ਜਾਂਦਾ ਅਤੇ ਉਹ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਆਉਂਦੇ ਜਾਂਦੇ ਨਾਲ ਗੱਲਾਂਬਾਤਾਂ ਕਰਕੇ ਆਪਣਾ ਸਮਾਂ ਬਤੀਤ ਕਰਦਾ। ਸਮੇਂ ਸਿਰ ਉਸ ਨੂੰ ਨੂੰਹਾਂ, ਪੁੱਤ, ਪੋਤੇ, ਪੋਤੀਆਂ ਚਾਹ ਪਾਣੀ ਅਤੇ ਰੋਟੀ ਪਰੋਸਦੇ। ਪਰਿਵਾਰ ਵਿਚ ਕੋਈ ਵੀ ਸਮਾਜ ਵੱਲੋਂ ਇਹ ਤੋਹਮਤ ਲਗਾਉਣ ਤੋਂ ਡਰਦਾ ਤੇ ਘਬਰਾਉਂਦਾ ਸੀ ਕਿ ਫਲਾਣੇ ਨੇ ਆਪਣੇ ਬਜ਼ੁਰਗਾਂ ਦੀ ਸੇਵਾ ਨਹੀਂ ਕੀਤੀ। ਸਮਾਜਿਕ ਲੱਜਤਾ ਦਾ ਪੂਰਾ ਖਿਆਲ ਰੱਖਿਆ ਜਾਂਦਾ ਸੀ। ਇਸ ਜੀਵਨ ਸ਼ੈਲੀ ਬਾਰੇ ਕਿਸੇ ਨੂੰ ਇਤਰਾਜ਼ ਨਹੀਂ ਸੀ ਤੇ ਸਭ ਕੁਝ ਚੰਗਾ ਚੱਲ ਰਿਹਾ ਸੀ। ਸੰਸਾਰ ਦੇ ਪੂਜੀਵਾਦ ਦਾ ਅਸਰ ਸਾਡੇ ਦੇਸ਼ ਅਤੇ ਸਮਾਜ ਉੱਤੇ ਵੀ ਪਿਆ ਅਤੇ ਮਨੁੱਖ ਆਪਣੇ ਹਰ ਕੰਮ ਨੂੰ ਲਾਭ ਹਾਨੀ ਦੀ ਤੱਕੜੀ ਵਿਚ ਤੋਲਣ ਲੱਗ ਪਿਆ। ਪੂੰਜੀਵਾਦੀ ਅਰਥ ਵਿਵਸਥਾ ਮੁਨਾਫਾ ਅਧਾਰਿਤ ਹੁੰਦੀ ਹੈ। ਜਿਸ ਕੰਮ ਵਿਚ ਬੰਦੇ ਨੂੰ ਮੁਨਾਫਾ ਹੁੰਦਾ ਹੋਵੇ ਉਸੇ ਨੂੰ ਚੰਗਾ ਅਤੇ ਅਰਥ ਭਰਪੂਰ ਮੰਨਿਆ ਜਾਂਦਾ ਹੈ। ਇਹ ਸਾਰਾ ਵਰਤਾਰਾ ਮਨੁੱਖ ਦੇ ਅਚਾਰ-ਵਿਹਾਰ ਉੱਤੇ ਵੀ ਹਾਵੀ ਹੋ ਗਿਆ ਹੈ। ਮਨੁੱਖ ਆਪਣੇ ਰਿਸ਼ਤੇ ਨਾਤਿਆਂ ਨੂੰ ਵੀ ਇਸੇ ਕਸੌਟੀ ਤੇ ਰੱਖ ਕੇ ਪ੍ਰਮਾਣਿਤ ਕਰਨ ਲੱਗ ਪਿਆ ਹੈ।

ਕੁਦਰਤ ਦੇ ਪੱਕੇ ਨਿਯਮਾਂ ਅਧੀਨ ਮਨੁੱਖੀ ਜੀਵਨ ਦੇ ਤਿੰਨ ਮੁੱਖ ਭਾਗ ਹਨ। ਬਚਪਨ, ਜਵਾਨੀ ਤੇ ਬੁਢਾਪਾ। ਹਰ ਮਨੁੱਖ ਆਪਣੀ ਜ਼ਿੰਦਗੀ ਵਿਚ ਇਨ੍ਹਾਂ ਨੂੰ ਹੰਢਾਉਂਦਾ ਹੈ। ਮਨੁੱਖ ਬਚਪਨ ਵਿਚ ਅਣਭੁੱਲ ਤੇ ਬੇਫ਼ਿਕਰ ਜ਼ਿੰਦਗੀ, ਜਵਾਨੀ ਵਿਚ ਅਣਭੋਗ ਬੀਤੇ ਬਚਪਨ ਨੂੰ ਯਾਦ ਕਰਕੇ ਆਸ ਪਾਸ ਤੋਂ ਬੇਖ਼ਬਰ ਆਪਣੇ ਆਵੇਗ ਵਿਚ ਤੁਰਿਆ ਰਹਿੰਦਾ ਹੈ। ਤੀਜੀ ਅਵਸਥਾ ਬੁਢਾਪੇ ਦੀ ਆ ਜਾਂਦੀ ਹੈ ਭਾਵੇਂ ਕਿ ਬੁਢਾਪੇ ਦੀ ਸ਼ੁਰੂਆਤ ਲਈ ਕੋਈ ਨਿਸ਼ਚਿਤ ਉਮਰ ਨਹੀਂ ਪ੍ਰੰਤੂ ਜਦੋਂ ਮਨੁੱਖ ਦੀਆਂ ਇੰਦਰੀਆਂ, ਜਿਵੇਂ ਵੇਖਣਾ, ਸੁਨਣਾ, ਚੱਲਣਾ-ਫਿਰਨਾ ਆਦਿ ਕੁਝ ਕੁ ਢਿੱਲੀਆਂ ਪੈ ਜਾਂਦੀਆਂ ਹਨ ਤਾਂ ਕਹਿ ਸਕਦੇ ਹਾਂ ਬੁਢਾਪਾ ਸ਼ੁਰੂ ਹੋ ਗਿਆ ਹੈ।

ਬੁਢਾਪੇ ਵਿਚ ਪਹੁੰਚਣ ਤੇ ਉਹ ਬੱਚੇ ਜਿਨ੍ਹਾਂ ਨੂੰ ਮਾਂ ਬਾਪ ਨੇ ਸਖ਼ਤ ਮਿਹਨਤ ਕਰਕੇ ਪਾਲਿਆ ਹੁੰਦਾ ਹੈ, ਉਹ ਬੱਚੇ ਜਿਨ੍ਹਾਂ ਨੂੰ ਬਜ਼ੁਰਗਾਂ ਨੇ ਰੋਜ਼ਾਨਾ ਕੱਦ ਮਿਣ-ਮਿਣ ਕੇ ਵੱਡੇ ਕੀਤੇ ਹੁੰਦੇ ਹਨ ਉਹ ਹੀ ਬਜ਼ੁਰਗਾਂ ਨੂੰ ਛੋਟਾ ਸਮਝਣ ਲੱਗ ਪੈਂਦੇ ਹਨ। ਅੱਜ ਕੋਈ ਵਿਰਲਾ ਟਾਂਵਾਂ ਹੀ ਘਰ ਹੋਵੇਗਾ,

ਜਿਸ ਵਿਚ ਕੋਈ ਵੱਡਾ ਬਜ਼ੁਰਗ ਬਹੁਤ ਸਤਿਕਾਰ ਪਾਉਂਦਾ ਹੋਵੇਗਾ। ਅੱਜ ਘਰਾਂ ਦੇ ਵਿਹੜੇ ਬਜ਼ੁਰਗਾਂ ਬਿਨ ਸੁੰਨੇ-ਸੁੰਨੇ ਜਾਪਦੇ ਹਨ। ਬਹੁਤੇ ਪਰਿਵਾਰ ਤਾਂ ਬਜ਼ੁਰਗਾਂ ਨੂੰ ਨਾਲ ਹੀ ਨਹੀਂ ਰੱਖਦੇ। ਜੇ ਮਜਬੂਰੀਵੱਸ ਰੱਖਦੇ ਹਨ ਤਾਂ ਉਹ ਬਣਦਾ ਸਤਿਕਾਰ ਨਹੀਂ ਦਿੰਦੇ। ਜਿਨ੍ਹਾਂ ਘਰਾਂ ਵਿਚ ਸੱਚਮੁੱਚ ਹੀ ਬਜ਼ੁਰਗਾਂ ਦਾ ਸਤਿਕਾਰ ਹੁੰਦਾ ਹੈ ਉਹ ਘਰ ਸਵਰਗ ਵਾਂਗ ਹਨ। ਪਰ ਅਜਿਹੇ ਪਰਿਵਾਰਾਂ ਦੀ ਗਿਣਤੀ ਬਹੁਤ ਹੀ ਘੱਟ ਹੈ। ਅੱਜਕਲ੍ਹ ਮਾਇਆ ਦੀ ਅੰਨੀ ਦੌੜ ਵਿਚ ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀਂ ਰਹਿ ਗਈ। ਹਰ ਰਿਸ਼ਤਾ ਹੁਣ ਮਤਲਬ ਦਾ ਰਹਿ ਗਿਆ ਹੈ। ਭਾਵੇਂ ਉਹ ਸਗੇ ਮਾਂ-ਪਿਉ ਨਾਲ ਹੀ ਰਿਸ਼ਤਾ ਕਿਉਂ ਨਾ ਹੋਵੇ। ਜਿਹੜੇ ਮਾਪਿਆਂ ਨੇ ਆਪਣੀ ਸਾਰੀ ਜ਼ਿੰਦਗੀ ਸੰਘਰਸ਼ ਨਾਲ ਆਪਣੀਆਂ ਖੁਸ਼ੀਆਂ ਦਾਅ ਤੇ ਲਾ ਕੇ, ਆਪਣੇ ਪੁੱਤਰਾਂ ਨੂੰ ਬੜੇ ਚਾਵਾਂ ਨਾਲ ਪਾਲਿਆ-ਪੋਸਿਆ, ਪੜ੍ਹਾਇਆ ਲਿਖਾਇਆ, ਵਿਆਹਿਆ ਤੇ ਆਪਣੇ ਪੈਰਾਂ ਤੇ ਖੜ੍ਹਾ ਕੀਤਾ, ਉਹੀ ਪੁੱਤਰ ਬੁੱਢੇ ਮਾਂ-ਪਿਉ ਨੂੰ ਵਾਧੂ ਜਿਹਾ ਬੋਝ ਸਮਝਣ ਲੱਗ ਪੈਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਕੁਝ ਕੁ ਸਾਲਾਂ ਬਾਅਦ ਉਨ੍ਹਾਂ ਨੂੰ ਵੀ ਇਹਨਾਂ ਹਾਲਾਤਾਂ ਵਿਚੋਂ ਗੁਜ਼ਰਨਾ ਪੈਣਾ ਹੈ ਕਿਉਂਕਿ ਇਨਸਾਨ ਜੋ ਬੀਜੇਗਾ ਉਹ ਹੀ ਵੱਢੇਗਾ। ਘਰ ਵਿਚ ਵਿਚਰਦੇ ਉਹਨਾਂ ਦੇ ਬੱਚੇ ਦੇਖ ਰਹੇ ਹੁੰਦੇ ਹਨ ਕਿ ਬਜ਼ੁਰਗ ਦਾਦਾ-ਦਾਦੀ ਕਿਸ ਇੱਜ਼ਤ ਨਾਲ ਘਰ ਵਿਚ ਰਹਿ ਰਹੇ ਹਨ। ਉਨ੍ਹਾਂ ਦੇ ਦਿਮਾਗ਼ ਵਿਚ ਇਹ ਗੱਲ ਘਰ ਕਰ ਕੇ ਬੈਠੇਗੀ ਕਿ ਸਾਡੇ ਮਾਤਾ-ਪਿਤਾ ਨੇ ਆਪਣੇ ਬਜ਼ੁਰਗਾਂ ਨੂੰ ਕਿਸ ਹਾਲਤ ਵਿਚ ਰੱਖਿਆ ਹੈ। ਉਹ ਸੋਚ ਲੈਂਦੇ ਹਨ ਕਿ ਵਡੇਰੇ ਹੋਣ ਤੇ ਮਾਂ-ਬਾਪ ਨੂੰ ਕਿਸ ਤਰ੍ਹਾਂ ਰੱਖਣਾ ਹੈ। ਇਹ ਘਰ ਵਿਚ ਬਜ਼ੁਰਗਾਂ ਪ੍ਰਤੀ ਹਾਂ-ਪੱਖੀ ਜਾਂ ਨਾਂਹ-ਪੱਖੀ ਦੋਵੇਂ ਤਰ੍ਹਾਂ ਦਾ ਅਸਰ ਬੱਚਿਆਂ ਤੇ ਜ਼ਰੂਰ ਪੈਂਦਾ ਹੈ ਅਤੇ ਜਲਦੀ ਹੀ ਸਾਹਮਣੇ ਆ ਜਾਂਦਾ ਹੈ, ਜਦੋਂ ਉਨ੍ਹਾਂ ਦੇ ਮਾਂ-ਬਾਪ ਦੇ ਬੁਢੇ ਹੋਣ ਦੀ ਵਾਰੀ ਆਉਂਦੀ ਹੈ।

ਸ਼ਾਇਰ ਇੰਦਰਜੀਤ ਹਸਨਪੁਰੀ ਦਾ ਇਕ ਬੜਾ ਕਮਾਲ ਦਾ ਸ਼ੇਅਰ ਹੈ –
ਮਰਨ ਤੋਂ ਪਿਛੋਂ ਯਾਦ ਕਰੋਗੇ – ਮੈਨੂੰ ਕੀ।
ਮੂਰਤ ਅੱਗੇ ਫੁੱਲ ਧਰੋਗੇ – ਮੈਨੂੰ ਕੀ।
ਸਾਰੀ ਉਮਰੇ ਸੁੱਕੇ ਟੁੱਕਰ ਖਾਧੇ ਮੈਂ,
ਲਾਸ਼ ਦੇ ਮੂੰਹ ਵਿਚ ਘਿਉ ਧਰੋਗੇ – ਮੈਨੂੰ ਕੀ।
ਤੁਸੀਂ ਬਜ਼ੁਰਗਾਂ ਨੂੰ ਜਿਸ ਮੌਤ ਮਾਰੋਗੇ,
ਉਸੇ ਮੌਤੇ ਆਪ ਮਰੋਗੇ– ਮੈਨੂੰ ਕੀ।

ਪਿਛਲੇ ਕੁਝ ਸਮੇਂ ਤੱਕ ਘਰ ਦੇ ਮੁਖੀ ਬਜ਼ੁਰਗ ਕੋਲ ਸਾਰੇ ਪਰਿਵਾਰ ਦੀ ਪੱਲ-ਪੱਲ ਦੀ ਜਾਣਕਾਰੀ ਹੁੰਦੀ ਸੀ। ਉਹ ਸਾਰੇ ਪਰਿਵਾਰ ਦਾ ਸਾਂਝਾ ਦਿਮਾਗ਼ ਹੁੰਦਾ ਸੀ। ਸਵੇਰੇ ਸ਼ਾਮ ਘਰ ਵਿਚ ਬਣੀ ਤਾਜ਼ਾ ਰੋਟੀ ਸਭ ਤੋਂ ਪਹਿਲਾਂ ਬਜ਼ੁਰਗਾਂ ਨੂੰ ਦਿੱਤੀ ਜਾਂਦੀ ਸੀ ਤੇ ਬਾਅਦ ਵਿਚ ਬਾਕੀ ਟੱਬਰ ਖਾਂਦਾ ਸੀ। ਅੱਜ ਉਹੀ ਬਜ਼ੁਰਗਾਂ ਨੂੰ ਪਰਿਵਾਰ ਦੇ ਕੰਮਾਂਕਾਜਾਂ ਦੀ ਭੋਰਾ ਜਾਣਕਾਰੀ ਨਹੀਂ ਹੁੰਦੀ। ਹਰ ਤਰ੍ਹਾਂ ਦੀ ਗੱਲ ਉਸ ਤੋਂ ਛੁਪਾ ਕੇ ਰੱਖੀ ਜਾਂਦੀ ਹੈ। ਪਰਿਵਾਰ ਨਾਲ ਸੰਬੰਧਿਤ ਕਿਸੇ ਖੁਸ਼ੀ ਗ਼ਮੀ ਦੀ ਉਸ ਨੂੰ ਭਿਣਕ ਨਹੀਂ ਪੈਣ ਦਿੱਤੀ ਜਾਂਦੀ। ਘਰ ਦੀ ਹਰ ਸਮੱਸਿਆ ਉਸ ਤੋਂ ਛੁਪਾ ਕੇ ਰੱਖੀ ਜਾਂਦੀ ਹੈ। ਭਾਵੇਂ ਕਿ ਉਸ ਦੇ ਤਜ਼ਰਬੇ ਭਰੇ ਠੰਢੇ ਦਿਮਾਗ਼ ਵਿਚ ਇਸ ਦਾ ਵਧੀਆ ਹੱਲ ਪਿਆ ਹੋਵੇ।

ਇਹ ਗੱਲ ਮੰਨਣੀ ਪਵੇਗੀ ਕਿ ਸਾਡੇ ਸਮਾਜ ਵਿਚ ਮਾਪੇ ਆਪਣੇ ਲਈ ਘੱਟ ਜਿਉਂਦੇ ਹਨ ਤੇ ਆਪਣੀ ਔਲਾਦ ਲਈ ਵੱਧ ਜਿਉਂਦੇ ਹਨ। ਉਹ ਆਪਣੇ ਜੀਵਨ ਦਾ ਵੱਡਾ ਹਿੱਸਾ ਬੱਚਿਆਂ ਨੂੰ ਹੀ ਸੈਟਲ ਕਰਨ ਵਿਚ ਲਗਾ ਦਿੰਦੇ ਹਨ। ਫਿਰ ਵੀ ਅੱਜ ਦੇ ਬਜ਼ੁਰਗ ਬਿਰਧ ਆਸ਼ਰਮ ਵਿਚ ਇਕਲਾਪੇ ਦਾ ਸੰਤਾਪ ਭੋਗ ਰਹੇ ਹਨ। ਇਹ ਵੀ ਸੱਚ ਹੈ ਕਿ ਬਹੁਤੇ ਬਜ਼ੁਰਗ ਜੋ ਘਰਾਂ ਵਿਚ ਪਰਿਵਾਰਾਂ ਦੇ ਨਾਲ ਰਹਿ ਰਹੇ ਹਨ ਉਹਨਾਂ ਵਿਚੋਂ ਬਹੁਤਿਆਂ ਦੇ ਬੱਚੇ ਉਹਨਾਂ ਨੂੰ ਭਾਰ ਹੀ ਸਮਝਦੇ ਹਨ ਜਾਂ ਘਰ ਦੇ ਤਾਲੇ ਤੋਂ ਵੱਧ ਕੋਈ ਅਹਿਮੀਅਤ ਨਹੀਂ ਦਿੰਦੇ। ਘਰ ਦੀ ਔਰਤ ਕਿਸੇ ਡੇਰੇ ਜਾਂ ਧਰਮ ਸਥਾਨ ਤੇ ਜਾ ਕੇ ਕੀਤੀ ਸੇਵਾ ਨੂੰ ਸੇਵਾ ਸਮਝਦੀ ਹੈ ਪ੍ਰੰਤੂ ਘਰ ਵਿਚ ਬੈਠੇ ਬਜ਼ੁਰਗਾਂ ਨੂੰ ਖਾਣਾ ਪਾਣੀ ਦੇਣਾ ਸਿਆਪਾ ਕਹਿੰਦੀ ਹੈ।

ਜਿਸ ਘਰ ਨੂੰ ਬਜ਼ੁਰਗਾਂ ਨੇ ਆਪਣੀ ਖ਼ੂਨ ਪਸੀਨੇ ਦੀ ਕਮਾਈ ਨਾਲ ਤੀਲਾ-ਤੀਲਾ ਕਰਕੇ ਬਣਾਇਆ ਹੁੰਦਾ ਹੈ ਉਸੇ ਘਰ ਵਿਚ ਉਸ ਦੀ ਜਗ੍ਹਾ ਕਿਸੇ ਸਟੋਰ, ਗੈਰਜ ਜਾਂ ਬਰਾਂਡੇ ਵਿਚ ਨਿਸ਼ਚਿਤ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਆਪਣੇ ਘਰ ਪਰਿਵਾਰ ਵਾਲੇ ਹੁੰਦੇ ਹੋਏ ਵੀ ਉਹ ਇਕੱਲੇ ਕਰ ਦਿੱਤੇ ਜਾਂਦੇ ਹਨ। ਸ਼ਹਿਰਾਂ ਵਿਚ ਤਾਂ ਬਜ਼ੁਰਗਾਂ ਨੂੰ ਮਕਾਨ ਦੇ ਪਿਛਲੇ ਕਮਰੇ ਵਿਚ ਫਾਲਤੂ ਕਬਾੜ ਸਮਝ ਕੇ ਸੁੱਟ ਦਿੱਤਾ ਜਾਂਦਾ ਹੈ। ਇਸ ਛੋਟੇ ਜਿਹੇ ਕਮਰੇ ਵਿਚ ਕੋਈ ਖਿੜਕੀ ਰੋਸ਼ਨਦਾਨ ਵੀ ਨਹੀਂ ਹੁੰਦਾ। ਦਿਨ ਭਰ ਹਨ੍ਹੇਰਾ ਹੀ ਉਹਨਾਂ ਦਾ ਸਾਥੀ ਹੁੰਦਾ ਹੈ ਉਸ ਦੇ ਖੰਘਣ ਤੇ ਹੀ ਪਤਾ ਲੱਗਦਾ ਹੈ ਕਿ ਅੰਦਰ ਕੋਈ ਪਿਆ ਹੈ। ਉਹ ਜਿਉਂਦੇ ਰਹਿਣ ਲਈ ਬੱਚਿਆਂ ਸਾਹਮਣੇ ਜ਼ਬਾਨ ਖੋਲ੍ਹਣ ਤੋਂ ਵੀ ਡਰਦੇ ਹਨ। ਜੇਕਰ ਉਹ ਵਿਰੋਧ ਕਰਨ ਦੀ ਹਿੰਮਤ ਕਰਦਾ ਹੋਇਆ ਆਪਣੀ ਕੋਈ ਤਕਲੀਫ ਦਾ ਜ਼ਿਕਰ ਕਰਦੇ ਹਨ ਤਾਂ "ਬੁੱਢਾ ਭੌਂਕਣੋਂ ਨਹੀਂ ਹੱਟਦਾ" ਤੱਕ ਕਹਿ ਦਿੱਤਾ ਜਾਂਦਾ ਹੈ।

ਅਸਲ ਵਿਚ ਮਾਪੇ ਸਾਡੀ ਹੋਂਦ ਦੀ ਧਰਾਤਲ, ਸਾਡੇ ਸੁਪਨਿਆਂ ਦੇ ਚਸ਼ਮਦੀਦ ਗਵਾਹ, ਸਾਡੀਆਂ ਅੱਖਾਂ ਵਿਚ ਝਲਕਦੇ ਸੁਪਨਿਆਂ ਦੀ ਨਿਸ਼ਾਨਦੇਹੀ, ਸਾਡੀ ਮੰਜਲਾਂ ਤੇ ਅਪੜਣ ਦੀ ਲਾਲਸਾ, ਸਾਡੀ ਪ੍ਰਾਪਤੀ ਵਿਚਲੀ ਸੁਖ ਦੀ ਆਸੀਸ, ਸਾਡੀਆਂ ਮੁਸ਼ਕਿਲਾਂ ਤੇ ਦੁਸ਼ਵਾਰੀਆਂ ਦੀ ਨਵਿਰਤੀ ਲਈ ਅਰਦਾਸ ਕਰਨ ਵਾਲੇ ਹੁੰਦੇ ਹਨ। ਬਜ਼ੁਰਗਾਂ ਦੀ ਬੇਇੱਜ਼ਤੀ ਨਾ ਬਖਸ਼ਣਯੋਗ ਗੁਨਾਹ ਹੈ। ਉਨ੍ਹਾਂ ਦੀ ਬੇਹੁਰਮਤੀ ਵਿਚ ਸਾਡੀ ਵੰਚਤਾ ਹੀ ਜੱਗ ਜਾਹਰ ਹੁੰਦੀ ਹੈ।

ਬਜ਼ੁਰਗ ਕੋਈ ਤੁਹਾਡੀ ਬਹੁਤੀ ਦੌਲਤ ਜਾਂ ਤੁਹਾਡਾ ਸਮਾਂ ਨਹੀਂ ਮੰਗਦੇ। ਸਿਰਫ਼ ਥੋੜ੍ਹਾ ਜਿਹਾ ਧਿਆਨ ਅਤੇ ਸ਼ਮੂਲੀਅਤ ਮੰਗਦੇ ਹਨ। ਮਾਪੇ ਘਰ ਦਾ ਜਿੰਦਰਾ ਹੁੰਦੇ ਹਨ। ਤੁਸੀਂ ਉਨ੍ਹਾਂ ਨੂੰ ਪੁੱਛ ਕੇ ਕਿਤੇ ਵੀ ਬਾਹਰ ਜਾਓ ਘਰ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਦੀ ਹੁੰਦੀ ਹੈ। ਪਰਿਵਾਰ ਦੇ ਜ਼ਰੂਰੀ ਫੈਸਲੇ ਲੈਣ ਲੱਗਿਆਂ ਉਨ੍ਹਾਂ ਨਾਲ ਸਲਾਹ ਮਸ਼ਵਰਾ ਜ਼ਰੂਰ ਕਰ ਲਵੋ। ਕੰਮ ਤੇ ਆਉਣ ਤੇ ਜਾਣ ਲੱਗਿਆਂ ਉਨ੍ਹਾਂ ਨੂੰ ਬੁਲਾ ਕੇ ਜਾਓ। ਬੱਚਿਆਂ ਨੂੰ ਵੀ ਸਕੂਲ ਜਾਣ ਅਤੇ ਵਾਪਸ ਆਉਣ ਤੇ ਦਾਦਾ ਦਾਦੀ ਨਾਲ ਕੁਝ ਬੋਲਣ ਅਤੇ ਤਜ਼ਰਬੇ ਸਾਂਝੇ ਕਰਨ ਦੀ ਮੱਤ ਦਿਉ। ਉਹ ਤੁਹਾਡੀ ਹਰ ਖੁਸ਼ੀ ਗ਼ਮੀ ਵਿਚ ਸ਼ਰੀਕ ਹੋ ਕੇ ਖੁਸ਼ ਹੋਣਗੇ ਤੇ ਤੁਹਾਡੀ ਹੌਂਸਲਾ ਅਫਜਾਈ ਵੀ ਕਰਨਗੇ। ਨਵੀਂ ਪੀੜ੍ਹੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਵਿਚ ਸਬਰ ਸੰਤੋਖ ਸਹਿਣਸ਼ੀਲਤਾ ਅਤੇ ਸਤਿਕਾਰ ਦੀ ਭਾਵਨਾ ਉਹਨਾਂ ਪ੍ਰਤੀ ਬਣਾਈ ਰੱਖਣ। ਬਜ਼ੁਰਗਾਂ ਦੀਆਂ ਆਦਤਾਂ ਬੱਚਿਆਂ ਵਾਂਗ ਹੋ ਜਾਂਦੀਆਂ ਹਨ। ਇਕ ਗੱਲ ਨੂੰ ਵਾਰ-ਵਾਰ ਦੁਹਰਾਉਣਾ, ਕਾਹਲੇ ਪੈ ਜਾਣਾ, ਸਿਹਤ ਠੀਕ ਨਾ ਹੋਣ ਕਾਰਨ ਜਲਦੀ ਖਿੱਝ ਜਾਣਾ ਜਾਂ ਫਾਲਤੂ ਹੀ ਸੋਚੀ ਜਾਣਾ ਆਦਿ। ਉਨ੍ਹਾਂ ਦੀ ਵਿਹਲ ਨੂੰ ਰੁਝੇਵਿਆਂ ਵਿਚ ਬਦਲਣ ਦਾ ਕੋਈ ਸਬੱਬ ਬਣਾਉ। ਉਹਨਾਂ ਦੀ ਰੁਚੀ

ਅਨੁਸਾਰ ਅਖ਼ਬਾਰ, ਧਾਰਮਿਕ ਪੁਸਤਕਾਂ ਜਾਂ ਰਸਾਲੇ ਆਦਿ ਲਿਆ ਕੇ ਦਿੱਤੇ ਜਾਣ। ਕੁਝ ਸਮਾਂ ਬੱਚਿਆਂ ਨਾਲ ਖੇਡਣ ਮੱਲਣ ਜਾਂ ਸੈਰ ਲਈ ਬਾਹਰ ਲਿਜਾਇਆ ਜਾਵੇ। ਇਸ ਤਰ੍ਹਾਂ ਉਨ੍ਹਾਂ ਦੇ ਮੰਨ ਦਾ ਭਾਰ ਹੋਲਾ ਹੋਵੇਗਾ। ਬਾਹਰ ਦੀ ਤਾਜ਼ੀ ਅਤੇ ਖੁੱਲ੍ਹੀ ਹਵਾ ਨਾਲ ਉਨ੍ਹਾਂ ਦੀ ਸਿਹਤ ਵੀ ਠੀਕ ਰਹੇਗੀ। ਅਮਰੀਕਾ ਵਿਚ ਇਕ ਸਰਵੇਖਣ ਛੱਪਿਆ ਸੀ ਜਿਸ ਅਨੁਸਾਰ ਉਹ ਬੱਚੇ ਜੋ ਦਾਦਾ ਦਾਦੀ ਜਾਂ ਨਾਨਾ ਨਾਨੀ ਕੋਲ ਰਹਿ ਕੇ ਪਲਦੇ ਹਨ ਉਨ੍ਹਾਂ ਦਾ ਦਿਮਾਗ ਕਰੈਚ ਹੋਮ ਵਿਚ ਪਲੇ ਬੱਚਿਆਂ ਨਾਲੋਂ 50% ਵੱਧ ਹੁੰਦਾ ਹੈ।



ਬਜ਼ੁਰਗਾਂ ਨੂੰ ਵੀ ਆਪਣਾ ਆਪ ਨੂੰ ਸਮੇਂ ਦੇ ਹਾਣੀ ਬਨਣਾ ਚਾਹੀਦਾ ਹੈ। ਸਿਆਣੇ ਕਹਿੰਦੇ ਹਨ ਮਾਣ ਸਤਿਕਾਰ ਮੰਗਿਆ ਨਹੀਂ ਮਿਲਦਾ, ਕਮਾਉਣਾ ਪੈਂਦਾ ਹੈ। ਇਸ ਨੂੰ ਹਾਸਲ ਕਰਨ ਲਈ ਆਪਣੀ ਸ਼ਖ਼ਸੀਅਤ ਨੂੰ ਸਤਿਕਾਰਯੋਗ ਬਨਾਉਣਾ ਪਵੇਗਾ। ਇਸ ਲਈ ਸਦਾ ਕੋਈ ਨਾ ਕੋਈ ਕੰਮ ਕਰਨਾ ਚਾਹੀਦਾ ਹੈ। ਛੋਟੇ-ਛੋਟੇ ਕੰਮ ਜਿਵੇਂ ਬੱਚਿਆਂ ਦੀ ਦੇਖ-ਰੇਖ ਵਿਚ ਹੱਥ ਵਟਾਓ, ਜੇ ਕੋਈ ਰੋਂਦਾ ਹੈ ਤਾਂ ਉਸ ਨੂੰ ਚੁੱਪ ਕਰਾਓ। ਸਕੂਲ ਜਾਣ ਵਾਲੇ ਬੱਚੇ ਨੂੰ ਤਿਆਰ ਕਰਨ ਵਿਚ ਮੱਦਦ ਕਰੋ। ਹੋਰ ਨਹੀਂ ਤਾਂ ਉਸ ਦੇ ਬੂਟ ਹੀ ਪਾਲਸ਼ ਕਰ ਦਿਓ, ਉਸ ਦੀ ਪੈਨਸ਼ਿਲ ਘੜ ਦਿਓ, ਉਸ ਦੀਆਂ ਕਾਪੀਆਂ, ਕਿਤਾਬਾਂ ਤੇ ਜਿਲਦਾਂ ਚੜ੍ਹਾ ਦਿਓ। ਨੂੰਹ ਰਾਣੀ ਨੂੰ ਘਰ ਦੇ ਨਜ਼ਦੀਕ ਦੀ ਦੁਕਾਨ ਤੋਂ ਸਬਜ਼ੀ ਜਾਂ ਹੋਰ ਜ਼ਰੂਰੀ ਵਸਤਾਂ ਖਰੀਦ ਕੇ ਲਿਆਉਣ ਵਿਚ ਮੱਦਦ ਕਰੋ। ਇਸ ਤਰ੍ਹਾਂ ਹਰ ਵੇਲੇ ਕਿਸੇ ਨਾ ਕਿਸੇ ਦੇ ਕੰਮ ਆਉਂਦੇ ਰਹੋ। ਇਸ ਤਰ੍ਹਾਂ ਤੁਸੀਂ ਘਰ ਵਿਚ ਜ਼ਰੂਰਤ ਬਣ ਜਾਵੋਗੇ ਤੇ ਕੋਈ ਤੁਹਾਨੂੰ ਵਾਧੂ ਨਹੀਂ ਸਮਝੇਗਾ। ਯਾਦ ਰੱਖੋ ਹੁਣ ਤੁਸੀਂ ਘਰ ਦੇ ਚੌਧਰੀ ਨਹੀਂ ਰਹੇ। ਤੁਹਾਡੇ ਬਿਨਾਂ ਵੀ ਘਰ ਚੱਲ ਸਕਦਾ ਹੈ। ਇਸ ਲਈ ਸਦਾ ਪਿੱਛੇ ਹਟੇ ਰਹੋ। ਘਰ ਵਿਚ ਕੋਈ ਮਹਿਮਾਨ ਆਉਂਦਾ ਹੈ ਤਾਂ ਪਹਿਲਾਂ ਵਾਂਗ ਸਭ ਤੋਂ ਪਹਿਲਾਂ ਤੁਸੀਂ ਹੀ ਉਸ ਦੇ ਸਾਹਮਣੇ ਨਾ ਜਾਓ। ਉਸੇ ਵਕਤ ਬਾਹਰ ਆਓ ਜਦੋਂ ਤੁਹਾਨੂੰ ਬੁਲਾਇਆ ਜਾਵੇ। ਕਿਸੇ ਵੀ ਮੈਂਬਰ ਦੀ ਜ਼ਿੰਦਗੀ ਵਿਚ ਬੇਲੋੜਾ ਦਖਲ ਨਾ ਦਿਓ। ਔਲਾਦ ਨੂੰ ਪੂਰੀ ਸੁਤੰਤਰਤਾ ਦਿਉ।

ਜ਼ਿੰਦਗੀ ਦਾ ਚੱਕਰ ਤਾਂ ਚੱਲਦਾ ਹੀ ਰਹੇਗਾ। ਬੱਚਾ ਜਵਾਨ ਤੇ ਜਵਾਨ ਬਜ਼ੁਰਗ ਹੁੰਦਾ ਹੀ ਰਹੇਗਾ। ਲੋੜ ਹੈ ਸੰਤੁਲਿਤ ਸੋਚ ਬਨਾਉਣ ਦੀ। ਸਾਡੇ ਬੱਚੇ ਸਾਡਾ ਭਵਿੱਖ ਹਨ ਤਾਂ ਸਾਡੇ ਬਜ਼ੁਰਗ ਉਹ ਨੀਂਹ ਪੱਥਰ ਹਨ ਜਿਨ੍ਹਾਂ ਉੱਤੇ ਇਸ ਭਵਿੱਖ ਦੀ ਇਮਾਰਤ ਨੇ ਖੜ੍ਹੇ ਹੋਣਾ ਹੈ। ਇਵੇਂ ਹੀ ਸਾਡਾ ਭਵਿੱਖ ਸਾਡੇ ਵਰਤਮਾਨ ਦਾ ਉਹ ਗਵਾਹ ਹੁੰਦਾ ਹੈ ਜਿਸ ਨੂੰ ਅਸੀਂ ਆਪਣੇ ਆਉਣ ਵਾਲੇ ਸਮੇਂ ਵਿਚ ਝੁਲਠਾ ਨਹੀਂ ਸਕਦੇ। ਜਿਸ ਤਰ੍ਹਾਂ ਦਾ ਭਵਿੱਖ ਅਸੀਂ ਆਪਣੇ ਲਈ ਚਾਹੁੰਦੇ ਹਾਂ ਲੋੜ ਹੈ ਉਸੇ ਤਰ੍ਹਾਂ ਦਾ ਵਰਤਮਾਨ ਅਸੀਂ ਆਪਣੇ ਬਜ਼ੁਰਗਾਂ ਨੂੰ ਅੱਜ ਦੇਈਏ। ਬਜ਼ੁਰਗ ਫਾਲਤੂ ਨਹੀਂ, ਜਿਉਂਦੀਆਂ ਜਾਗਦੀਆਂ ਸਤਿਕਾਰਯੋਗ ਹਸਤੀਆਂ ਹਨ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਮਨੁੱਖ ਹੋਣ ਦਾ ਅਦਬ ਤੇ ਜਿਊਣ ਦੀ ਹੁੱਬ

**ਕਰਨੈਲ ਸਿੰਘ**

ਮਨੁੱਖ ਹੋਣ ਦੀ ਖ਼ੂਬੀ ਉਸ ਖ਼ੂਬਸੂਰਤੀ ਨੂੰ ਪਛਾਣਨ, ਸਲਾਹੁਣ ਤੇ ਸੁਰੱਖਿਅਤ ਬਣਾਉਣ ਵਿਚ ਹੈ ਜੋ ਜ਼ਿੰਦਗੀ ਵਿਚ ਕਦੇ ਸੈਨਤਾਂ ਨਾਲ ਜ਼ਾਹਿਰ ਹੁੰਦੀ ਤੇ ਕਦੇ ਲੁਪਤ ਹੁੰਦੀ, ਜਿਊਣ ਦੀ ਅਮੁੱਕ ਲਾਲਸਾ ਬਣ ਸਦੈਵ ਖਿੱਚਾਂ ਪਾਈ ਜਾਂਦੀ ਹੈ।

ਕਦੇ ਕੋਈ ਮਨਚਾਹੀ ਤਸਵੀਰ, ਕੋਈ ਪਿਆਰਾ ਦ੍ਰਿਸ਼, ਕੀਲਵਾ ਅੰਦਾਜ਼, ਤੁਠ ਗਈ ਨਜ਼ਰ ਕਿਸੇ ਦੀ, ਕੋਈ ਛਬ ਨਿਰਾਲੀ ਜੋ ਛਾ ਜਾਏ ਰੂਹ 'ਤੇ ਸਾਰੀ ਦੀ ਸਾਰੀ, ਮਾਣ-ਮੱਤਾ ਬਣ ਜਾਣ ਬੋਲ ਕਿਸੇ ਦੇ, ਲਿਹਾਜ਼ ਤੇ ਅਦਬ ਅਜਿਹਾ ਕਿ ਸਿਰ ਉੱਚਾ ਹੋਵੇ ਦੁਵੱਲੀਂ ਤੇ ਇਉਂ ਆਲਾ-ਦੁਆਲਾ ਦਿਆਲਤਾ ਨਾਲ ਤਰ ਹੋਇਆ ਦਿੱਸੇ, ਉਤਰ-ਉਤਰ ਆਉਂਦੇ ਸਾਵਣ ਦੀ ਤਰ੍ਹਾਂ। ਖ਼ੁਦਾਈ ਸਾਹਾਂ ਵਿਚ ਘੁਲ ਘੁਲ ਜਾਏ – ਕੀ ਕੌਲ ਕੌਲ ਨਹੀਂ ਖਿੜ ਜਾਂਦਾ ਬੰਦੇ ਦਾ ਤਦ?

ਧਰਤੀ ਦੀ ਬੁੱਕਲ ਵਿਚ ਛਿਪੀ ਵਚਿੱਤਰਤਾ ਜਾਂ ਮਨੁੱਖੀ ਘਾੜਤ ਦੇ ਕਿਸੇ ਕ੍ਰਿਸ਼ਮੇ ਨੂੰ ਘੜੀ ਪਲ ਤੱਕਦਿਆਂ ਸੈਲਾਨੀ ਨੂੰ ਰਾਹ ਦੀਆਂ ਔਖਿਆਈਆਂ ਤੇ ਖ਼ਤਰੇ (ਇਸ ਲੱਭਤ ਦੇ ਮੁਕਾਬਲੇ) ਤੁੱਛ ਜਾਪਦੇ ਹਨ। ਦੂਰ ਪਹਾੜਾਂ ਦੀਆਂ ਤਲੀਆਂ 'ਤੇ ਟਿਕੀ ਕੋਈ ਝੀਲ, ਕਿਤੇ ਅਨੋਖੇ ਜਲੌਅ ਵਿਚ ਚੜ੍ਹਦੇ ਜਾਂ ਛਿਪਦੇ ਸੂਰਜ ਦਾ ਦ੍ਰਿਸ਼ ਜਾਂ ਚੰਨ ਚਾਨਣੀ ਵਿਚ ਧੋਤੀ ਕਿਸੇ ਦੁੱਧ ਚਿੱਟੀ ਇਮਾਰਤ ਦਾ ਦ੍ਰਿਸ਼-ਲੰਮੀਆਂ ਵਾਟਾਂ ਤੇ ਔਖੇ ਪੈਂਡੇ ਇਨ੍ਹਾਂ ਦੇ ਮੁੱਲ ਨੂੰ ਵਧਾ ਹੀ ਤਾਂ ਦਿੰਦੇ ਹਨ।

ਹਾੜ੍ਹ ਦੇ ਹੁੰਮਸ ਵਿਚ ਰੁਮਕਦੀ ਹਵਾ ਦਾ ਇਕ ਬੁੱਲਾ ਜ਼ਰਾ ਛੂਹ-ਛੁਹਾਈ ਖੇਡ ਜਾਂਦਾ ਹੈ। ਰੋਮ ਰੋਮ ਨਿੱਸਲ ਹੋਣ ਲੱਗਦਾ ਹੈ। ਪਿੱਛੋਂ ਚੁਪਕੇ ਜਿਹੇ ਆ ਕੇ ਬਾਲ ਆਪਣੇ ਨਿੱਕੇ ਨਿੱਕੇ ਹੱਥਾਂ ਦੀ ਛੂਹ ਗਲਵੇਂ ਨੂੰ ਦੇ, ਤ੍ਰਭਕਾਉਂਦੀ 'ਝਾਤ' ਆਖ ਜਾਂਦਾ ਹੈ ਤਾਂ ਅਕੇਵਾਂ-ਥਕੇਵਾਂ ਉੱਡ-ਪੁੱਡ ਜਾਂਦਾ ਹੈ। ਬੰਦਾ ਹੌਲਾ ਫੁੱਲ ਹੋ ਜਾਂਦਾ ਹੈ।

ਅਕਾਸ਼ੀ ਉੱਡਦੇ ਪੰਛੀਆਂ ਨਾਲ ਧਰਤੀ ਤੋਂ ਤੱਕਦਿਆਂ ਦੀਆਂ ਤਾਰਾਂ ਜੁੜ ਜਾਂਦੀਆਂ ਹਨ। ਦੁਨੀਆਂ ਭਰ ਦੀ ਸੈਰ ਅਜੇ ਟਾਵੇਂ-ਟਾਵੇਂ ਹੀ ਕਰ ਸਕਦੇ ਹਨ ਪਰ ਕਿਸੇ ਪੰਛੀ ਜਾਂ ਸੈਲਾਨੀ ਸੰਗ ਆਪਣੀ ਕਲਪਨਾ ਦੀ ਉਡਾਰੀ ਭਰ ਕੇ ਕੀ ਕੁੱਝ ਨਹੀਂ ਵੇਖ ਲਈਦਾ?

ਮਾਂ ਆਪਣੇ ਬਾਲ ਨੂੰ ਚੁਫੇਰੇ ਧੁੜੇ ਗਏ ਸੁਹੱਪਣ ਤੋਂ ਕਿਵੇਂ ਜਾਣੂੰ ਕਰਾਉਂਦੀ ਹੈ? 'ਅਹੁ ਵੇਖ ਚੰਦ, ਅਹੁ ਤਾਰੇ, ਵੇਖ ਮੋਰ, ਅਹੁ ਉੱਡ ਗਿਆ ਤੋਤਾ, ਇਹ ਫੁੱਲ ਤੇ ਤਿਤਲੀਆਂ, ਛੂਹ ਕੇ ਵੇਖ ਵਗਦੇ ਪਾਣੀ ਨੂੰ...।' ਮਾਵਾਂ ਜਿਹੇ ਹੀ ਹਮਦਰਦ ਤੇ ਹੁਸੀਨ ਰੂਹਾਂ ਵਾਲੇ ਲੋਕ, ਚਿੱਤ ਤੋਂ ਕਲਾਕਾਰ, ਮਿਸ਼ਾਲਾਂ ਵਾਂਗ ਜਗਦੇ, ਉੱਚੀਆਂ ਦ੍ਰਿਸ਼ਟੀਆਂ ਤੇ ਸੁੱਚੀਆਂ ਸੋਚਾਂ ਦੇ ਮਾਲਕ ਸਾਨੂੰ ਨਿਰੋਈਆਂ ਆਸਾਂ ਤੇ ਸੋਹਣੇ ਵਿਸ਼ਵਾਸਾਂ ਦੇ ਲੜ ਲਾ ਦਿੰਦੇ ਹਨ। ਇਉਂ ਸਾਨੂੰ ਆਪਣੀਆਂ ਲੁਕੀਆਂ ਸਮਰੱਥਾਵਾਂ ਨੂੰ ਤੋਲਣ, ਤੇ ਰਾਹ ਟਟੋਲਣ ਦੀਆਂ ਜੁਗਤਾਂ ਸੁੱਝਣ ਲੱਗਦੀਆਂ ਹਨ। ਜੀਵਨ ਮੇਲੇ ਨੂੰ ਲੁੱਟਣ ਦਾ ਅਣਮਿਉਂਦਾ ਚਾਓ, ਜਾਣੋ ਹਰਿਆਲੀ ਦੀ ਸੰਘਣੀ ਤਹਿ ਬਣੇ ਪੱਤਿਆਂ ਵਿਚੋਂ ਕੰਵਲ ਫੁੱਲ ਉੱਚੇ ਹੋ-ਹੋ ਕੂਕਦੇ ਹਨ ਕਿ ਕੋਲ ਕੁੱਝ ਨਹੀਂ ਰੱਖਣਾ, ਵੰਡ ਦੇਣਾ ਹੈ ਸਭੋ ਕੁੱਝ।

ਪਰ ਸਾਡੇ ਅਜੋਕੇ ਵਿਹਾਰਾਂ ਤੇ ਵਰਤਾਵਿਆਂ ਦਾ ਹਾਲ ਜ਼ਰਖੇਜ਼ ਜ਼ਮੀਨ ਉੱਤੇ ਜੰਮੀਆਂ ਪੇਪੜੀਆਂ ਵਾਲਾ ਹੈ। ਹੇਠ ਦੱਬੇ ਘੁਟੇ ਬੀਜ ਹੁੰਦੇ ਹਨ। ਬੀਜ ਤੁਰਦੇ ਤਾਂ ਹਨ ਪਰ ਸਖ਼ਤ ਪੇਪੜੀ ਹੇਠ ਬੇਵੱਸ ਮਰੀ ਜਾਂਦੇ ਹਨ। ਤਰਾਵਤ ਉੱਡ ਪੁੱਡ ਗਈ ਹੈ।

ਦੂਜੇ ਦੀ ਆਬਰੂ ਦਾ ਪਾਸ ਹੋਣਾ, ਨਿੱਕੀਆਂ-ਨਿੱਕੀਆਂ ਲਿਹਾਜ਼ਾਂ, ਕਦੇ ਦੂਜੇ ਦੀ ਉਮਰ ਕਰਕੇ, ਕਦੇ ਦੂਜੇ ਦੀ ਜ਼ਰੂਰਤ ਕਰਕੇ ਜਾਂ ਉਂਜ ਹੀ ਦੂਜੇ ਨੂੰ ਪਹਿਲ ਦਿੰਦਿਆਂ ਉਸ ਉੱਤੇ ਅਪਣੱਤ ਦਾ ਛਤਰ ਝੁਲਾ ਦੇਣਾ। ਦੂਜੇ ਨੂੰ ਰਾਹ ਦੇਣਾ, ਥੋੜ੍ਹੀ ਥਾਂ ਬਣਾ ਲੈਣੀ ਅਗਲੇ ਲਈ, ਉਸ ਦੀ ਬਿਹਤਰੀ ਲਈ ਫ਼ਿਕਰਮੰਦ ਹੋਣਾ ਤੇ ਇਸ ਤਰ੍ਹਾਂ ਦੁਪਾਸੀ ਖ਼ੈਰਾਂ ਦੀ ਚਾਹਤ ਦਾ ਪਸਰ ਜਾਣਾ। ਸੁਖਾਲੀ ਲੱਗਦੀ ਹੈ ਇਉਂ ਜ਼ਿੰਦਗੀ।

ਫੁੱਲ-ਪੌਦਿਆਂ ਨੂੰ ਪਾਣੀ ਦੇਣਾ, ਬੇਜ਼ੁਬਾਨਾਂ ਦੀਆਂ ਜ਼ਰੂਰਤਾਂ ਨੂੰ ਸਮਝਣਾ ਤੇ ਇਉਂ ਆਪਣੀ ਕੋਠੜੀ ਦੇ ਬੂਹੇ ਬਾਹਰ ਦੇ ਸੰਸਾਰ ਵੱਲ ਖੋਲ੍ਹ ਦੇਣੇ। ਕਿਉਂ ਕੋਈ ਨਾਜ਼ ਨਾ ਕਰੇਗਾ ਇਨ੍ਹਾਂ ਸ਼ੋਭਦੇ ਵਤੀਰਿਆਂ ਅਤੇ ਵਰਤਾਰਿਆਂ 'ਤੇ? ਲੋੜੀਂਦੀ ਵੱਤਰ ਦਾ ਹੋਣਾ ਪੇਪੜੀਆਂ ਨੂੰ ਬਣਨ ਨਹੀਂ ਦਿੰਦਾ। ਜ਼ਮੀਨ ਹਰ ਬੀਜ ਨੂੰ ਉੱਗਣ ਦੇਣ ਵਿਚ ਆਪਣੀ ਪੂਰੀ ਵਾਹ ਬੇਸ਼ੱਕ ਲਾਉਂਦੀ ਹੈ। ਸੁਹਜ ਨੂੰ ਡੱਬੀਆਂ ਵਿਚ ਬੰਦ ਕਰਨ ਦੀ ਲਾਲਸਾ ਵਾਲੇ ਕੀ ਜਾਨਣ ਕਿ ਸਭੋ ਕੁਝ ਸੋਂਹਦਾ ਤੇ ਜਚਵਾਂ ਹੁੰਦਾ ਹੈ ਜਦੋਂ ਮੌਲਣ ਤੇ ਵਿਗਸਣ ਦੇ ਮੌਕੇ ਮਿਲਦੇ ਹਨ। ਜੀਵਨ ਜਿਊਣ ਦੀ ਹੁੱਬ ਤੇ ਮਨੁੱਖ ਹੋਣ ਦੇ ਅਦਬ ਨੂੰ ਯਕੀਨੀ ਬਣਾਉਣ ਲਈ ਸੰਸਾਰ ਵਿਚ ਕਿੰਨੇ ਸਿਦਕਵਾਨ ਸ਼ਹੀਦ ਹੋਏ, ਲੱਖਣ ਲਾਉਣਾ ਕਠਿਨ ਹੈ। ਸਾਡੇ ਆਪਣੇ ਦੇਸ਼ ਵਿਚ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਇਸੇ ਲਈ ਸਨ ਕਿ ਹਰ ਭਾਰਤੀ ਨੂੰ ਮਾਨ-ਸਨਮਾਨ ਵਾਲਾ ਤੇ ਹਰ ਤਰ੍ਹਾਂ ਸੁਰੱਖਿਅਤ ਜੀਵਨ ਜਿਊਣ ਨੂੰ ਮਿਲੇ। ਆਜ਼ਾਦੀ ਦੇ ਪਰਵਾਨਿਆਂ ਦਾ ਅਸੀਂ ਕਿੰਨਾ ਕੁ ਮਾਣ ਰੱਖ ਸਕੇ ਹਾਂ। ਸਾਨੂੰ ਸਦੀਆਂ ਤੋਂ ਸਿਲੇਹਾਰਾਂ ਦੀ ਜੂਨੀ ਭੋਗਦਿਆਂ ਨੂੰ ਮੁਕਤੀ ਦਰਕਾਰ ਰਹੀ ਹੈ। ਅਜੇ ਵੀ ਧਰਮ, ਜਾਤ, ਫ਼ਿਰਕਾ, ਜ਼ੁਬਾਨ ਆਦਿ ਨਾਲ ਜੁੜੇ ਜਜ਼ਬਿਆਂ ਨੂੰ ਭੜਕਾ ਕੇ ਆਪਣੀ ਸਵਾਰਥ-ਪੂਰਤੀ ਕਰਨ ਵਿਚ ਜਿਹੜੇ ਸਫਲ ਰਹੇ ਹਨ ਉਨ੍ਹਾਂ ਦੀਆਂ ਵਾਛਾਂ ਖਿੜਨੀਆਂ ਹੀ ਹਨ। ਦੂਜੇ ਬੰਨੇ, ਆਮ ਆਦਮੀ ਸਿੱਖਿਆ, ਸਿਹਤ ਤੇ ਚੰਗੇਰੇ ਜੀਵਨ ਦੀਆਂ ਸਹੂਲਤਾਂ ਤੋਂ ਵੰਚਿਤ ਹੈਸੀ ਤੇ ਹੁਣ ਵੀ ਉਸ ਦੀ ਹਾਲਤ ਵਿਚ ਵੇਖਣ ਯੋਗ ਪਰਿਵਰਤਨ ਨਹੀਂ ਆਇਆ। ਅਜੇ ਤਾਂ ਮੁਹਰਲਿਆਂ ਨੂੰ ਹੀ ਰੱਜ ਨਹੀਂ ਆ ਰਿਹਾ। ਸੱਜਣਤਾ ਦੀ ਗੱਲ ਤਾਂ ਇਹ ਸੀ ਕਿ ਆਪਣੇ ਜ਼ੁੰਮੇ ਲੱਗੇ ਕੰਮ ਨੂੰ, ਜਿਸ ਲਈ ਉਸ ਨੂੰ ਤਨਖਾਹ ਮਿਲਦੀ ਸੀ, ਉਹ ਚਾਈਂ ਚਾਈਂ ਕਰਦਾ ਤੇ ਅੱਗੇ ਅਗਲਾ ਸ਼ੁਕਰਾਨਾ ਪ੍ਰਗਟਾਉਣ ਵਿਚ ਮਾਣ ਮਹਿਸੂਸ ਕਰਦਾ। ਪਰ ਉਹ ਖੁੰਝ ਗਿਆ ਜਦੋਂ ਉਸ ਨੇ ਕਲਮ ਰੋਕ ਲਈ ਅਤੇ ਧੰਨਵਾਦ ਦੇ ਦੋ ਲਫ਼ਜ਼ਾਂ ਦੀ ਥਾਂ ਅਗਾਊਂ ਚਾਰ ਛਿੱਲੜਾਂ ਦੀ ਮੰਗ ਕੀਤੀ। ਅਖੇ 'ਸਭੋ ਕੁਝ ਨਕਦੋ-ਨਕਦੀ, ਤੂੰ ਵੀ ਖੁਸ਼ ਮੈਂ ਵੀ ਖੁਸ਼। ਗੱਲ ਮੁੱਕ ਗਈ।' ਜਾਣੋ ਝਟਕਦੀ ਨੇ ਆਪਣੀ ਤੇਜ਼ ਛੁਰੀ ਨਾਲ

ਮਾਸ ਦੇ ਟੋਟੇ ਕਰਦਿਆਂ ਕਿਹਾ, 'ਬਸ ਐਨਾ ਕੁ?' ਝਟਕਈ ਮਾਨਸਿਕਤਾ ਪ੍ਰਧਾਨ ਹੋ ਗਈ ਹੈ, ਬੇਫਿਕਰੀ ਦਾ ਹੱਦ ਬੰਨਾ ਕੋਈ ਨਹੀਂ ਰਿਹਾ। ਮਨੁੱਖੀ ਸੰਬੰਧਾਂ ਨੂੰ ਇਉਂ ਕੱਟਣ ਦੀ ਬਿਰਤੀ ਆਮ ਬੰਦੇ ਦਾ ਮੂੰਹ ਮੋੜਦੀ ਹੈ। ਉਹ ਵਰਤਮਾਨ ਤੋਂ ਤਾਂ ਸ਼ਰਮਿੰਦਾ ਹੁੰਦਾ ਹੀ ਹੈ ਭਵਿੱਖ ਵੱਲ ਵੀ ਵੇਖਣ ਦੀ ਹਿੰਮਤ ਨਹੀਂ ਕਰਦਾ। ਵੇਸਵਾ - ਬਿਰਤੀ ਕਿਹੋ ਜਿਹੇ ਬੰਦੇ ਪੈਦਾ ਕਰਦੀ ਹੈ? ਸਮਝਣਾ ਔਖਾ ਨਹੀਂ। ਪਤਾ ਨਹੀਂ ਕਿਉਂ ਰਹਿ ਰਹਿ ਕੇ ਇਕ ਗੀਤ ਦੇ ਇਹ ਬੋਲ ਯਾਦ ਆਈ ਜਾਂਦੇ ਹਨ : **ਅੱਬ ਕੋਈ ਗੁਲਸ਼ਨ ਨਾ ਉਜੜੇ, ਅਬ ਵਤਨ ਆਜ਼ਾਦ ਹੈ।** ਦਹਾਕਿਆਂ ਪਹਿਲਾਂ ਕਿਸੇ ਕਲਾਕਾਰ ਮਨ ਨੇ ਇਕਰਾਰ ਮੰਗਿਆ ਸੀ ਕਿ ਇਸ ਗੁਲਸ਼ਨ ਦਾ ਆਬਾਦ ਰਹਿਣਾ ਯਕੀਨੀ ਹੋ ਸਕੇ। ਇਹ ਸੋਹਣਾ ਇਕਰਾਰ ਕੀ ਪੂਰਾ ਹੋਣਾ ਨਹੀਂ ਬਣਦਾ?

# ਸ਼ੋਕ ਸਮਾਚਾਰ



ਸਮੁੱਚੇ ਭਾਈਚਾਰੇ ਅਤੇ ਸਮਾਜ ਲਈ ਬੜੀ ਦੁੱਖਦਾਈ ਖ਼ਬਰ ਹੈ ਕਿ ਇਕ ਬਹੁਪੱਖੀ ਸ਼ਖ਼ਸੀਅਤ ਸਤਨਾਮ ਸਿੰਘ ਉਰਫ਼ ਬੱਬੀ (ਡਾਕਟਰ) ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਦਾ ਜਨਮ 1961 ਵਿਚ ਪਿੰਡ ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਮਾਤਾ ਮੇਲ ਕੌਰ ਅਤੇ ਸਵ. ਪਿਤਾ ਸ. ਮੇਲਾ ਸਿੰਘ ਦੇ ਪਰਿਵਾਰ ਵਿਚ ਹੋਇਆ। ਇਹ ਪਰਿਵਾਰ ਵਿਚ ਸਭ ਤੋਂ ਛੋਟੇ ਸਨ। ਦੱਸਵੀਂ ਦੀ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਪਿੰਡ ਵਿਚ ਹੀ ਡਾਕਟਰ ਜਸਵੰਤ ਸਿੰਘ ਖਾਸਰੀਆ ਦੇ ਕੋਲ ਕੰਮ ਕਰਨਾ ਸ਼ੁਰੂ ਕੀਤਾ ਅਤੇ ਜ਼ਿੰਦਗੀ ਦੀ ਸਫ਼ਲਤਾ ਵਾਸਤੇ ਕੁਝ ਸਮੇਂ ਬਾਅਦ ਵਿਦੇਸ਼ ਚਲੇ ਗਏ। ਲਗਭਗ 30 ਸਾਲ ਵੱਖ-ਵੱਖ ਦੇਸ਼ਾਂ ਵਿਚ ਰੋਜ਼ੀ ਰੋਟੀ ਕਮਾਉਂਦੇ ਰਹੇ ਅਤੇ ਆਪਣੀ ਵਧੀਆ ਜ਼ਿੰਦਗੀ ਬਤੀਤ ਕੀਤੀ। ਵਿਦੇਸ਼ ਵਿਚ ਰਹਿੰਦਿਆਂ ਹੀ ਅਚਾਨਕ ਇਨ੍ਹਾਂ ਦੀ ਸਿਹਤ ਖਰਾਬ ਹੋ ਗਈ ਅਤੇ ਪਰਿਵਾਰ ਵੱਲੋਂ ਇਲਾਜ ਕਰਵਾਉਣ ਉਪਰੰਤ ਵੀ ਸਿਹਤ ਵਿਚ ਕੋਈ ਸੁਧਾਰ ਨਾ ਹੋਇਆ।

ਆਖਰੀ ਸਮੇਂ ਇਨ੍ਹਾਂ ਦਾ ਇਲਾਜ ਜਲੰਧਰ ਦੇ ਵੱਖ-ਵੱਖ ਹਸਪਤਾਲਾਂ ਵਿਚ ਵੀ ਕਰਵਾਇਆ ਗਿਆ। ਪਰ ਸਿਹਤ ਵਿਚ ਕੋਈ ਸੁਧਾਰ ਨਾ ਹੋਇਆ ਅਤੇ ਇਨ੍ਹਾਂ ਦੀ ਬੇਵਕਤੀ ਮੌਤ ਹੋ ਗਈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਵਿਸ਼ੇਸ਼ ਤੌਰ 'ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸ਼ੋਕ ਸੰਦੇਸ਼ ਵੀ ਭੇਜਿਆ ਗਿਆ ਅਤੇ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਅਤੇ ਪੂਰੀ ਮੈਨੇਜਮੈਂਟ ਵੀ ਅਫ਼ਸੋਸ ਲਈ ਇਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੀ। ਉਨ੍ਹਾਂ ਦੀ ਅੰਤਿਮ ਅਰਦਾਸ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਨਗਰ ਜਲੰਧਰ ਦੇ ਗੁਰੂ ਘਰ ਵਿਚ ਹੋਈ। ਸ. ਪ੍ਰੀਤਮ ਸਿੰਘ ਨਾਰੰਗਪੁਰ, ਸ. ਜੋਗਿੰਦਰ ਸਿੰਘ ਅਜੈਬ, ਸ. ਪਰਮਿੰਦਰਜੀਤ ਸਿੰਘ, ਡੀ.ਐਸ.ਪੀ. ਮਹਿੰਦਰ ਸਿੰਘ, ਸ. ਜਸਵਿੰਦਰ ਸਿੰਘ ਬਿੱਲਾ ਕੌਂਸਲਰ, ਸ. ਸੁਖਵਿੰਦਰ ਸਿੰਘ ਬਿੱਲਾ ਕੌਂਸਲਰ, ਸ. ਕੁਲਵਿੰਦਰ ਸਿੰਘ ਮਿੰਟਾਂ ਬੈਲਜ਼ੀਅਮ, ਸ. ਜਰਨੈਲ ਸਿੰਘ ਇਟਾਲੀਅਨ ਪੈਲੇਸ, ਸ. ਸੁਰਜੀਤ ਸਿੰਘ ਮੈਨੇਜਰ, ਡਾ. ਜਸਵੰਤ ਸਿੰਘ ਖਾਸਰੀਆ, ਪ੍ਰਿੰਸੀਪਲ ਟਹਿਲ ਸਿੰਘ, ਸ. ਹਰਨਾਮ ਸਿੰਘ ਮੀਖੋਵਾਲ, ਸੁੱਚਾ ਸਿੰਘ, ਤਾਰਾ ਸਿੰਘ, ਕੁਲਵੰਤ ਸਿੰਘ, ਗੁਰਦਿਆਲ ਸਿੰਘ, ਮੱਖਣ ਸਿੰਘ, ਜਰਨੈਲ ਸਿੰਘ, ਜਗਮੋਹਨ ਸਿੰਘ, ਸੁਰਜੀਤ ਸਿੰਘ ਖਾਸਰੀਆ, ਮਨਜੀਤ ਸਿੰਘ ਜਰਮਨ, ਡੀ.ਐਸ.ਪੀ. ਪ੍ਰੀਤਮ ਸਿੰਘ ਅਤੇ ਸ. ਪ੍ਰੀਤਮ ਸਿੰਘ ਆਜ਼ਾਦ ਟੈਕਸੀ ਸਟੈਂਡ ਆਦਿ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਸ. ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.) ਦੇ ਡਾਕਟਰ ਬੱਬੀ ਛੋਟੇ ਭਰਾਤਾ ਹਨ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਗੁਰੂ ਚਰਨਾਂ ਵਿਚ ਅਰਦਾਸ ਹੈ ਕਿ ਪਰਿਵਾਰ ਨੂੰ ਭਾਣਾ ਮੰਨਣ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ।

**ਜੋਗਿੰਦਰ ਸਿੰਘ ਅਜੈਬ**

**ਆਊਟਲਾਈਨ ਐਡੀਟਰ**

# ਸੰਸਾਰੀਕਰਨ, ਉਦਾਰੀਕਰਨ ਤੇ ਮੰਡੀਕਰਨ ਦੇ ਪ੍ਰਭਾਵ

ਸੰਸਾਰ ਦੀ ਪਲ-ਪਲ ਦੀ ਖ਼ਬਰ ਹੁਣ ਸਾਡੀ ਮੁੱਠੀ ਵਿੱਚ ਹੈ। ਘਰ ਬੈਠੇ ਹੀ ਕੰਪਿਊਟਰ ਦੀ ਸਹਾਇਤਾ ਨਾਲ ਅਸੀਂ ਇੱਕ ਦੂਜੇ ਦੇ ਸਨਮੁੱਖ ਹੋ ਜਾਈਦਾ ਹੈ। ਤੇਜ਼-ਤਰਾਰ ਆਵਾਜਾਈ ਦੇ ਵਸੀਲਿਆਂ ਕਾਰਨ ਦਿਨਾਂ ਦਾ ਸਫ਼ਰ ਘੰਟਿਆਂ ਵਿੱਚ ਅਤੇ ਘੰਟਿਆਂ ਦਾ ਸਫ਼ਰ ਮਿੰਟਾਂ ਵਿੱਚ ਮੁਕਾ ਲਈਦਾ ਹੈ। ਕਈ ਵਾਰ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਦੁਨੀਆਂ ਦਾ ਅਕਾਰ ਸੁੰਗੜ ਕੇ ਇੱਕ ਮਹਾਂਨਗਰ ਜਿੰਨਾ ਕੁ ਹੋ ਗਿਆ ਹੋਵੇ। ਸੰਸਾਰੀਕਰਨ ਤੋਂ ਭਾਵ ਵੀ ਇਹੀ ਹੈ ਕਿ ਸਾਰੀ ਦੁਨੀਆ, ਸਾਰੇ ਦੇਸ਼ ਇੱਕ ਪਿੰਡ ਜਾਂ ਇੱਕ ਸ਼ਹਿਰ ਦੀ ਤਰ੍ਹਾਂ ਰਹਿਣ ਲੱਗਣ। ਉਹ ਇੱਕ ਦੂਜੇ ਦੇ ਦੇਸ਼ ਦੀ ਬੋਲੀ, ਸਭਿਆਚਾਰ, ਬੋਲ-ਚਾਲ, ਪਹਿਰਾਵਾ ਤੇ ਹੋਰ ਸਾਜ਼ੋ-ਸਾਮਾਨ ਦਾ ਇੱਕ ਦੂਜੇ ਨਾਲ ਲੈਣ-ਦੇਣ ਕਰਨ। ਇਸ ਤਰ੍ਹਾਂ ਕਰਨ ਨਾਲ ਇੱਕ ਦੂਜੇ ਦੇ ਪ੍ਰਭਾਵ ਕਬੂਲਣੇ ਕੁਦਰਤੀ ਹਨ। ਪਰ ਦੇਖਣਾ ਤਾਂ ਇਹ ਹੈ ਕਿ ਸਾਨੂੰ ਪੰਜਾਬੀ ਲੋਕਾਂ ਨੂੰ ਕਿੰਨਾ ਕੁ ਫਾਇਦਾ ਹੋ ਰਿਹਾ ਹੈ। ਅਸੀਂ ਕਿੰਨਾ ਕੁ ਹਾਸਲ ਕਰ ਰਹੇ ਹਾਂ ਤੇ ਕਿੰਨਾ ਕੁ ਗੁਆ ਰਹੇ ਹਾਂ।

ਭਾਸ਼ਾ ਦੇ ਪੱਖੋਂ ਅਸੀਂ ਪੰਜਾਬੀ ਲੋਕ ਆਪਣੀ ਮਾਂ-ਬੋਲੀ ਪੰਜਾਬੀ ਨੂੰ ਅੰਗ੍ਰੇਜ਼ੀ ਨਾਲੋਂ ਘਟੀਆ ਸਮਝਦੇ ਹਾਂ। ਸਾਨੂੰ ਅੰਗਰੇਜ਼ ਹਕੂਮਤ ਤੋਂ ਆਜ਼ਾਦ ਹੋਇਆਂ ਨੂੰ ਅੱਧੀ ਸਦੀ ਤੋਂ ਵੀ ਵੱਧ ਸਮਾਂ ਹੋ ਗਿਆ ਹੈ ਅਜੇ ਵੀ ਸਾਡੀ ਮਾਨਸਿਕਤਾ ਅੰਗਰੇਜ਼ੀ ਜ਼ੁਬਾਨ ਦੀ ਗੁਲਾਮ ਹੈ। ਅੰਗਰੇਜ਼ੀ ਬੋਲਣ ਵਾਲਾ ਸਾਡੇ ਮਨਾਂ 'ਤੇ ਇਸ ਤਰ੍ਹਾਂ ਛਾ ਜਾਂਦਾ ਹੈ ਜਿਵੇਂ ਉਹ ਸਾਥੋਂ ਹਰ ਪੱਖੋਂ ਹੀ ਬਹੁਤ ਜ਼ਿਆਦਾ ਸਿਆਣਾ ਹੋਵੇ। ਇਸ ਪ੍ਰਭਾਵ ਅਧੀਨ ਅਸੀਂ ਆਪਣੀ ਮਾਂ-ਬੋਲੀ ਨੂੰ ਪੌਪ-ਭਾਸ਼ਾ ਜਾਂ ਖਿਚੜੀ ਬੋਲੀ ਬਣਾ ਲਿਆ ਹੈ।

ਪੰਜਾਬੀਆਂ ਨੇ ਕੁਦਰਤੀ ਆਫਤਾਂ ਅਤੇ ਬਦੇਸ਼ੀ ਆਫਤਾਂ ਦਾ ਹਮੇਸ਼ਾ ਹੀ ਡਟ ਕੇ ਮੁਕਾਬਲਾ ਕੀਤਾ ਹੈ। ਇਸ ਕਾਰਨ ਸਾਡਾ ਵਿਰਸਾ ਅਮੀਰ ਹੈ। ਭਾਸ਼ਾ ਹੋਰ ਵੀ ਅਮੀਰ ਹੈ ਜਿਸ ਵਿੱਚ ਬਾਬਾ ਫਰੀਦ, ਗੁਰੂ ਨਾਨਕ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਵਾਰਸ ਸ਼ਾਹ, ਸ਼ਾਹ ਮੁਹੰਮਦ ਤੋਂ ਬਾਅਦ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪਾਸ਼, ਜਗਤਾਰ, ਸੁਰਜੀਤ ਪਾਤਰ, ਗੁਰਭਜਨ ਗਿੱਲ ਅਤੇ ਮਨਮੋਹਨ ਸਿੰਘ ਦਾਊਂ ਵਰਗੇ ਕਵੀਆਂ ਨੇ ਆਪੋ ਆਪਣੇ ਕਲਾਮ ਲਿਖੇ ਅਤੇ ਕਵਿਤਾ ਰਚੀ। ਪੰਜਾਬੀਆਂ ਨੇ ਆਪਣੇ ਨਾਇਕ ਜੋਗੀ, ਪੀਰ, ਯੋਧੇ, ਸ਼ਹੀਦ ਅਤੇ ਆਸ਼ਕ ਮੰਨੇ। ਇਨ੍ਹਾਂ ਨਾਇਕਾਂ ਤੋਂ ਉਨ੍ਹਾਂ ਨੇ ਸੇਧ ਲਈ। ਇਸ ਤਰ੍ਹਾਂ ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿੱਚ ਇੱਕ ਲੰਮਾ ਦੌਰ ਚੱਲਿਆ। ਪਰ ਅੱਜ ਪੰਜਾਬੀ ਕਰਜ਼ੀਆਂ ਅਤੇ ਚਣੌਤੀਆਂ ਭਰੀਆਂ ਹਾਲਤਾਂ ਅਤੇ ਵੰਗਾਰਾਂ ਤੋਂ ਕਤਰਾ ਰਿਹਾ ਹੈ। ਉਹ ਹੁਣ ਖੁਦਕਸ਼ੀਆਂ ਦਾ ਰੁਝਾਨ ਅਪਣਾ ਰਿਹਾ ਹੈ। ਸਮਾਜ ਵਿੱਚ ਕੀ ਵਾਪਰ ਰਿਹਾ ਹੈ? ਸਾਡਾ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਕਿੱਧਰ ਨੂੰ ਜਾ ਰਿਹਾ ਹੈ? ਕਿਸ ਕਦਰ ਸਭਿਆਚਾਰ ਦੀ ਖਿਚੜੀ ਪੱਕ ਰਹੀ ਹੈ ਤੇ ਇਸਦਾ ਮਿਆਰ ਦਿਨੋਂ-ਦਿਨ ਡਿੱਗ ਰਿਹਾ ਹੈ। ਆਚਾਰ-ਵਿਹਾਰ ਦੀਆਂ ਕਦਰਾਂ ਕੀਮਤਾਂ ਦੀਆਂ ਕਿੰਝ ਧੱਜੀਆਂ ਉੱਡ ਰਹੀਆਂ ਹਨ, ਦਿਨ ਪ੍ਰਤੀ ਦਿਨ ਨਿਘਾਰ ਵੱਲ ਨੂੰ ਹੀ ਜਾ ਰਿਹਾ ਹੈ। ਇਸ ਬਾਰੇ ਸੋਚਣ ਲਈ ਅੱਜ ਦੇ ਨੌਜੁਆਨ ਤਬਕੇ ਪਾਸ ਵਕਤ ਹੀ ਨਹੀਂ।

ਸਾਡੀ ਮਾਨਸਿਕਤਾ ਉੱਤੇ ਪੈਸਾ ਹਾਵੀ ਹੋ ਰਿਹਾ ਹੈ। ਰੀਤੀ-ਰਿਵਾਜ, ਰਿਸ਼ਤੇ-ਨਾਤੇ, ਸਾਕ-ਸਬੰਧੀ ਸਭ ਪੈਸੇ ਦੀ ਮੁੱਠੀ ਵਿੱਚ ਬੰਦ ਹੋ ਰਹੇ ਹਨ। ਪਿਆਰ, ਮੁਹੱਬਤ, ਸਾਂਝ ਮੇਲ-ਮਿਲਾਪ ਸਭ ਪੈਸੇ ਦੀ ਭੇਟ ਚੜ੍ਹ ਰਹੇ ਹਨ। ਕਦੀ-ਕਦੀ ਇੰਝ ਲੱਗਦਾ ਹੈ ਜਿਵੇਂ ਸਾਡੀ ਸੋਚ ਨੂੰ ਉੱਲੀ ਲੱਗ ਗਈ ਹੋਵੇ। ਸਾਨੂੰ ਸੋਚਣ ਤੇ ਵਿਚਾਰਨ ਦੀ ਲੋੜ ਹੈ। ਆਪਣੀ ਮਾਨਸਿਕਤਾ ਨੂੰ ਕਿਧਰ ਨੂੰ ਲੈ ਕੇ ਜਾ ਰਹੇ ਹਾਂ, ਇਸ ਨੂੰ ਤੰਦਰੁਸਤ ਕਰਨ ਦੀ ਜ਼ਰੂਰਤ ਹੈ। ਜੇਕਰ ਆਪਣੀ ਮਾਂ-ਬੋਲੀ, ਸਭਿਆਚਾਰ ਅਤੇ ਆਪਣਾ ਘਰ ਹੀ ਭੁੱਲ ਜਾਈਏ, ਤਾਂ ਕੀ ਅਸੀਂ ਗੁਆਂਢੀਆਂ ਦੇ ਜਾ ਕੇ ਵਸਾਂਗੇ ਤੇ ਉਨ੍ਹਾਂ ਤੋਂ ਓਟ-ਆਸਰਾ ਭਾਵ ਪਨਾਹ ਲਵਾਂਗੇ। ਇਹ ਸਭ ਕੁਝ ਬਰਦਾਸ਼ਤ ਹੋ ਸਕੇਗਾ?

ਸੰਸਾਰੀਕਰਨ ਦਾ ਦੂਜਾ ਲੱਛਣ ਹੈ ਮੰਡੀਕਰਨ, ਨਿੱਜੀਕਰਨ, ਉਦਾਰੀਕਰਨ, ਉਪਭੋਗਤਾ, ਬਸਤੀਵਾਦ ਅਤੇ ਖਪਤਵਾਦ। ਸਾਰੇ ਸੰਸਾਰ ਵਿੱਚ ਆਰਥਿਕ-ਵਿਕਾਸ ਨੂੰ ਸਿਧਾਂਤਕ ਸੇਧ ਦੇਣ ਲਈ ਅਰਥ-ਸ਼ਾਸਤਰ ਵਿੱਚ ਕਈ 'ਵਿਕਾਸ ਮਾਡਲ' ਦਿੱਤੇ ਹੋਏ ਹਨ। ਜਿਨ੍ਹਾਂ ਦਾ ਅਧਿਐਨ ਯੂਨੀਵਰਸਿਟੀ ਪੱਧਰ 'ਤੇ ਕਰਵਾਇਆ ਜਾਂਦਾ ਹੈ। ਹਰ ਦੇਸ ਆਪਣੇ ਮੁਲਕ ਦੀ ਸਮਾਜਿਕ ਬਣਤਰ, ਉਤਪਾਦਨ ਖੇਤਰ, ਕੁਦਰਤੀ ਅਤੇ ਮਨੁੱਖੀ ਸਾਧਨਾਂ ਦੀ ਪੂਰਤੀ ਦੇ ਸਨਮੁੱਖ ਵਿਕਾਸ ਯੋਜਨਾਵਾਂ ਤਿਆਰ ਕਰਦਾ ਹੈ। ਸਾਡੇ ਦੇਸ ਦੀਆਂ ਪੰਜ ਸਾਲਾ ਯੋਜਨਾਵਾਂ ਵਿੱਚ ਵੀ ਇਸ ਦੀ ਭਰਪੂਰ ਵਰਤੋਂ ਕੀਤੀ ਗਈ ਹੈ। ਸਦੀਆਂ ਦੀ ਰਾਜੇ-ਮਹਾਰਾਜਿਆਂ ਅਤੇ ਬਸਤੀਵਾਦੀ ਲੁੱਟ-ਖਸੁੱਟ ਤੋਂ ਬਾਅਦ ਹੁਣ ਵਿਕਾਸਸ਼ੀਲ ਦੇਸਾਂ ਦੀ ਕਤਾਰ ਵਿੱਚ ਖੜ੍ਹਾ ਹੋ ਸਕਿਆ ਹੈ। ਵਿਕਸਤ ਦੇਸਾਂ ਦੇ ਟੀਚੇ ਤੱਕ ਪੁੱਜਣਾ ਅਜੇ ਬਾਕੀ ਹੈ। ਇਹ ਸਾਡੀ ਸਰਕਾਰ ਦਾ ਦਾਅਵਾ ਹੈ।

ਦੇਖਣ ਨੂੰ ਤਾਂ ਲੱਗ ਰਿਹਾ ਹੈ ਕਿ ਜਿਵੇਂ ਸਾਡੀ ਵਿਕਾਸ ਦਰ ਵਧ ਰਹੀ ਹੈ। ਸਾਡੇ ਸਾਹਮਣੇ ਵੱਡੇ-ਵੱਡੇ ਹਵਾਈ ਪੁੱਲ ਬਣ ਰਹੇ ਹਨ, ਹਵਾਈ ਅੱਡੇ ਬਣ ਰਹੇ ਹਨ। ਵੱਡੇ-ਵੱਡੇ ਮਹਾਂਨਗਰ ਉਸਰ ਰਹੇ ਹਨ। ਪਰ ਅਸੀਂ ਅਜੇ ਵਿਕਾਸਸ਼ੀਲ ਹੀ ਹਾਂ। ਵਿਕਸਤ ਦੇਸਾਂ ਦੇ ਪਿਛਲਗ ਉਨ੍ਹਾਂ ਦੀਆਂ ਘਸੀਆਂ-ਪਿਟੀਆਂ, ਫੇਲ੍ਹ ਹੋ ਚੁੱਕੀਆਂ ਸਕੀਮਾਂ ਦੀ ਹੀ ਨਕਲ ਕਰਕੇ ਕਦੋਂ ਤੱਕ ਕਾਮਯਾਬ ਹੋ ਸਕਾਂਗੇ। ਸਾਡੇ ਮਸਲੇ ਤਾਂ ਅਜੇ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਦੀ ਪ੍ਰਾਪਤੀ, ਖੇਤੀ ਵਿੱਚ ਵਿਭਿੰਨਤਾ, ਹਰੇ ਇਨਕਲਾਬ ਦੀ ਮਾਰ ਤੋਂ ਪੈਦਾ ਹੋਈਆਂ ਸਮੱਸਿਆਵਾਂ, ਕਿਸਾਨਾਂ ਨੂੰ ਖੁਦਕਸ਼ੀਆਂ ਤੋਂ ਛੁਟਕਾਰਾ, ਰੁਜ਼ਗਾਰ ਦੀ ਸਮੱਸਿਆ ਨੂੰ ਸੁਲਝਾਉਣਾ ਅਤੇ ਉਤਪਾਦਨ ਵਧਾਉਣਾ ਹੈ।

ਇਸ ਦੇ ਉਲਟ ਉਨ੍ਹਾਂ ਵਿਕਸਤ ਦੇਸ਼ਾਂ ਦੀ ਸਮੱਸਿਆ ਵਾਧੂ ਉਤਪਾਦਨ ਲਈ ਮੰਡੀਆਂ ਦੀ ਭਾਲ ਹੈ। ਉਨ੍ਹਾਂ ਨੇ ਸਾਡੇ ਦੇਸ ਨੂੰ ਮੰਡੀ ਵਜੋਂ ਵਰਤ ਲਿਆ ਹੈ। ਧੜਾ-ਧੜ ਇੱਥੇ ਹਰ ਪ੍ਰਕਾਰ ਦਾ ਸਾਜ਼ੋ-ਸਾਮਾਨ ਫਰਨੀਚਰ, ਮਸ਼ੀਨਰੀ, ਦਵਾਈਆਂ, ਕੱਪੜੇ, ਗਹਿਣੇ, ਕਾਸਮੈਟਿਕਸ, ਖਾਣ-ਪੀਣ ਦੀਆਂ ਵਸਤਾਂ, ਪਹਿਨਣ ਦੀਆਂ ਵਸਤਾਂ, ਬੱਚਿਆਂ ਲਈ ਭਾਂਤ-ਭਾਂਤ ਦੇ ਛੋਟੇ ਤੋਂ ਵੱਡੇ ਤੱਕ ਖਿਡਾਉਣੇ ਜੋ ਪਹਿਲੋਂ ਸਾਡੀਆਂ ਤਿਆਰ ਕੀਤੀਆਂ ਵਸਤਾਂ ਨਾਲੋਂ 20 ਗੁਣਾਂ ਵੱਧ ਕੀਮਤ 'ਤੇ ਵਿਕ ਰਹੇ ਹਨ। ਅਸੀਂ ਬੜੇ ਚਾਉ ਨਾਲ ਖਰੀਦ ਰਹੇ ਹਾਂ। ਮਹਿੰਗੇ ਹਸਪਤਾਲਾਂ ਵਿੱਚ ਮਹਿੰਗਾ

ਇਲਾਜ, ਮਹਿੰਗੇ ਸਕੂਲਾਂ, ਕਾਲਜਾਂ ਵਿੱਚ ਹੱਦ ਤੋਂ ਵੱਧ ਮਹਿੰਗੀ ਪੜ੍ਹਾਈ ਕਰਵਾ ਰਹੇ ਹਾਂ। ਵਿਦੇਸ਼ਾਂ ਵਿੱਚ ਵੀ ਲੱਖਾਂ ਰੁਪਇਆ ਖਰਚ ਕਰਕੇ ਆਪਣੇ ਬੱਚੇ ਪੜ੍ਹਨ ਭੇਜ ਰਹੇ ਹਾਂ। ਉਹ ਉੱਥੇ ਕਿੰਨੇ ਕੁ ਕਾਮਯਾਬ ਹੁੰਦੇ ਹਨ, ਇਹ ਤਾਂ ਅੰਕੜੇ ਹੀ ਦੱਸਣਗੇ। ਇੰਨਾਂ ਜ਼ਰੂਰ ਹੈ ਕਿ ਉਹ ਮੁਲਕ ਸਾਨੂੰ ਹਰ ਹੀਲੇ-ਵਸੀਲੇ ਦੋਹੀਂ ਹੱਥੀਂ ਲੁੱਟ ਰਹੇ ਹਨ। ਇੱਧਰ ਵੀ ਤੇ ਉਧਰ ਵੀ ਜੋ ਆਮ ਆਦਮੀ ਦੀ ਅਜੇ ਸਮਝ ਤੋਂ ਬਾਹਰ ਹੈ। ਇਸੇ ਤਰ੍ਹਾਂ ਸਾਡਾ ਛੋਟਾ ਦੁਕਾਨਦਾਰ ਅਤੇ ਕਾਰੋਬਾਰੀ ਉਨ੍ਹਾਂ ਦੇ ਸਾਹਮਣੇ ਫੇਲ੍ਹ ਹੋ ਰਿਹਾ ਹੈ। ਜੇ ਰੋਜ਼ੀ-ਰੋਟੀ ਕਮਾ ਰਿਹਾ ਏ ਤਾਂ ਉਨ੍ਹਾਂ ਦਾ ਹੀ ਏਜੰਟ ਬਣ ਕੇ ਤੇ ਉਨ੍ਹਾਂ ਦਾ ਹੀ ਮਾਲ ਵੇਚ ਕੇ। ਸਾਡੀ ਛੋਟੀ ਦਸਤਕਾਰੀ ਤੇ ਕਾਰਖਾਨੇ ਬਿਮਾਰ ਹੋ ਗਏ ਹਨ। ਕਈ ਤਾਂ ਮਰ ਚੁੱਕੇ ਹਨ, ਕਈ ਮਰਨ ਕਿਨਾਰੇ ਹਨ। ਸਾਡੇ ਕੁਦਰਤੀ ਸਰੋਤ ਸਾਡੀ ਧਰਤੀ, ਸਾਡੇ ਪਾਣੀ ਗੰਧਲੇ ਹੋ ਕੇ ਖ਼ਤਮ ਹੋ ਰਹੇ ਹਨ। ਬਹੁ-ਕੌਮੀ ਕੰਪਨੀਆਂ ਤਾਂ ਸਾਡੇ ਕੁਦਰਤੀ ਸਰੋਤਾਂ ਨੂੰ ਟਿੱਡੀ-ਦਲ ਵਾਂਗ ਚੰਬੜ ਗਈਆਂ ਹਨ। ਸਾਡੀਆਂ ਘਰੇਲੂ ਕੰਪਨੀਆਂ ਨੂੰ ਭੁਲੇਖਾ ਹੈ ਕਿ ਉਹ ਨਵੇਂ ਵਿਕਾਸ ਢੰਗ ਨਾਲ ਪਰਫੁਲਤ ਹੋ ਜਾਣਗੀਆਂ। ਪਰ ਬਹੁ ਕੌਮੀ ਕੰਪਨੀਆਂ, ਇੱਕ ਨਾ ਇੱਕ ਦਿਨ ਇਨ੍ਹਾਂ ਨੂੰ ਵੀ ਨਿਗਲ ਜਾਣਗੀਆਂ। ਇਸ ਧਰਤੀ ’ਤੇ ਗਰੀਬ ਅਤੇ ਅਮੀਰ ਦੇ ਵੱਧ ਰਹੇ ਪਾੜੇ ਨੂੰ ਕੋਈ ਰੋਕ ਨਹੀਂ ਸਕੇਗਾ। ਇਹੀ ਧਰਤੀ ਗਰੀਬਾਂ ਲਈ ਨਰਕ ਭੋਗਣ ਦੀ ਥਾਂ ਬਣ ਜਾਵੇਗੀ ਅਤੇ ਕੁਝ ਮੁੱਠੀ ਭਰ ਸਰਮਾਏਦਾਰਾਂ ਲਈ ਸਵਰਗ ਦੀ ਝਾਕੀ ਪੇਸ਼ ਕਰੇਗੀ। ਪੜ੍ਹੇ ਲਿਖੇ ਹੁਨਰਮੰਦ ਮੁਲਾਜ਼ਮ ਇੱਕ ਕੰਪਨੀ ਤੋਂ ਦੂਜੀ ਕੰਪਨੀ ਦੀ ਘੁੰਮਣਘੇਰੀ ਵਿੱਚ ਫਸੇ ਰਹਿਣਗੇ, ਬੀਵੀ, ਬੱਚੇ ਤੇ ਮਾਂ-ਬਾਪ ਕਿਤੇ ਰੁਲਦੇ ਰਹਿਣਗੇ ਅਤੇ ਆਪ ਕਿਤੇ। ਕਿਰਤ ਕਰਕੇ ਰੋਟੀ ਖਾਣ ਵਾਲੇ ਹਰ ਵਿਅਕਤੀ ਦੀ ਹਾਲਤ ਤਰਸਯੋਗ ਹੋ ਰਹੀ ਹੈ ਤੇ ਹੋਰ ਵੀ ਬਦ ਤੋਂ ਬਦਤਰ ਹੋਣ ਦੀ ਉਮੀਦ ਹੈ। ਅਜਿਹੇ ਲੋਕਾਂ ਲਈ ਤਾਂ ਜਨਤਕ ਖੇਤਰ (ਪ੍ਰਾਈਵੇਟ ਸੈਕਟਰ) ਹੀ ਰਾਸ ਆਉਂਦਾ ਹੈ। ਜਿੱਥੇ ਰਿਟਾਇਰਮੈਂਟ ਪੈਨਸ਼ਨ ਲੱਗ ਜਾਂਦੀ ਹੈ। ਨਿੱਜੀ ਸੈਕਟਰ ਤਾਂ ਇਨ੍ਹਾਂ ਨੂੰ ਰਾਸ ਨਹੀਂ ਆਉਂਦਾ।

ਅਜਿਹੇ ਹਾਲਾਤ ਤੋਂ ਛੁਟਕਾਰਾ ਪਾਉਣਾ ਬਹੁਤ ਜ਼ਰੂਰੀ ਹੈ। ਪਰ ਇਸ ਲਈ ਇੱਕ ਵਿਸ਼ਾਲ ਪਲੇਟ-ਫਾਰਮ ਉਸਾਰਨਾ ਪਵੇਗਾ, ਜਿਸ ਦੀ ਇਤਿਹਾਸਕ ਮਿਸਾਲ ਸਾਡੇ ਪਾਸ ਅਜੇ ਜਿਊਂਦੀ ਹੈ। ਸਾਨੂੰ ਭੂਤਕਾਲ ਤੋਂ ਸਬਕ ਸਿੱਖ ਕੇ ਭਵਿੱਖਕਾਲ ਨੂੰ ਵਿਉਂਤਣਾ ਚਾਹੀਦਾ ਹੈ। ਜਨਤਕ ਖੇਤਰ ਦਾ ਖਾਤਮਾ ਮਜ਼ਦੂਰ ਤੇ ਮੁਲਾਜ਼ਮ ਵਰਗ ਲਈ ਜਾਨ ਲੇਵਾ ਹੈ। ਬਹੁ-ਕੌਮੀ ਕਾਰਪੋਰੇਸ਼ਨਾਂ ਦੀ ਆਮਦ ਘਰੇਲੂ ਕੰਪਨੀਆਂ ਦੀ ਮੌਤ ਦਾ ਬਿਗਲ ਹੈ। ਆਰਜ਼ੀ ਮੁਸਕਰਾਹਟ ਜਲਦੀ ਹੀ ਫਿੱਕੀ ਪੈਣ ਦੇ ਆਸਾਰ ਹਨ। ਇਹ ਵੱਡੇ-ਵੱਡੇ ਅਰਥ ਸ਼ਾਸਤਰੀਆਂ ਦੇ ਅਨੁਮਾਨ ਹਨ। ਆਮ ਵਰਗ ਦੇ ਲੋਕ ਅਗਲੀ ਇੱਕ ਪੀੜ੍ਹੀ ਅਤੇ ਕਮਜ਼ੋਰ ਵਰਗ ਦੇ ਬਸ ਇਸੇ ਪੀੜ੍ਹੀ ਵਿੱਚ ਹਾਸ਼ੀਏ ’ਤੇ ਹੋ ਜਾਣਗੇ। ਹੁਣ ਚਾਰ ਦਿਨਾਂ ਵਿੱਚ ਚਾਲੀ ਲੱਖ ਰੁਪਏ ਨਕਦ ਜਮ੍ਹਾਂ ਕਰਵਾ ਕੇ ਬਿਨਾਂ ਕੋਈ ਟੈਸਟ ਜਾਂ ਆਈਲੈਟਸ ਪਾਸ ਕੀਤਿਆਂ ਵੀਜ਼ਾ ਦੇਣ ਦਾ ਕਾਨੂੰਨ ਪਾਸ ਕਰ ਦੇਣਾ, ਜੇਬਾਂ ਖਾਲੀ ਕਰਵਾਉਣ ਦਾ ਹੋਰ ਵੀ ਵੱਡਾ ਸਾਧਨ ਹੈ। ਜਿਨ੍ਹਾਂ ਦੀ ਕਰੋੜ ਰੁਪਏ ਦੀ ਜ਼ਮੀਨ ਵਿਕ ਗਈ, ਕੋਰਸ ਤੇ ਪੜ੍ਹਾਈ ਪੱਲੇ ਨਹੀਂ, ਉਸਨੇ ਪੰਜਾਹ ਲੱਖ ਖਰਚ ਕਰਕੇ ਯੂਰਪੀਨ ਦੇਸ਼ਾਂ ਵਿੱਚ ਜਾ ਕੇ ਵੀ ਤਾਂ ਮਜ਼ਦੂਰੀ ਹੀ ਕਰਨੀ ਹੈ। ਇਸ ਤਰ੍ਹਾਂ ਕੰਪਨੀਆਂ ਇੱਕ ਹੱਥ ਨਾਲ ਪੈਸੇ ਦੇ ਦਿੰਦੀਆਂ ਹਨ ਤੇ ਦੂਜੇ ਹੱਥ ਨਾਲ ਵਸੂਲ ਕਰ ਲੈਂਦੀਆਂ ਹਨ। ਫਿਰ ਹਵਾਈ ਜਹਾਜ਼ਾਂ ਦੇ ਜੋ ਭਾੜੇ ਭਰਨੇ ਹਨ, ਇਹ ਜਹਾਜ਼ਾਂ ਦੀਆਂ ਕੰਪਨੀਆਂ ਵੀ ਤਾਂ ਉਨ੍ਹਾਂ ਸਰਮਾਏਦਾਰਾਂ ਦੀਆਂ ਹੀ ਹਨ, ਜਿਨ੍ਹਾਂ ਨੇ ਸਾਡੀਆਂ ਜ਼ਮੀਨਾਂ ਖਰੀਦੀਆਂ ਹਨ, ਆਪਣੀ ਮੰਡੀ ਵਧਾਉਣ ਲਈ। ਇਸ ਸਾਰੇ ਗੋਰਖ ਧੰਦੇ ਨੂੰ ਸਮਝਣ ਦੀ ਲੋੜ ਹੈ। ਸਾਨੂੰ ਮਾਨਸਿਕ ਗੁਲਾਮੀ ਤੋਂ ਛੁਟਕਾਰਾ ਪਾਉਣਾ ਵੀ ਸਮੇਂ ਦੀ ਲੋੜ ਹੈ। ਹਰ ਖੇਤਰ ਵਿੱਚ ਏਨੀ ਤੇਜ਼ੀ ਨਾਲ ਆ ਰਹੀ ਤਬਦੀਲੀ ਦੀਆਂ ਸਾਮਰਾਜੀ ਸੋਚ ਦੀਆਂ ਜੜ੍ਹਾਂ ਨੂੰ ਸਮਝਣ ਦੀ ਅਤੀ ਲੋੜ ਹੈ। ਭੂਤ-ਕਾਲ ਦੇ ਤਜ਼ਰਬਿਆਂ, ਵਰਤਮਾਨ ਦੀਆਂ ਪਰਸਥਿਤੀਆਂ ਤੇ ਭਵਿੱਖ ਦੀਆਂ ਚਣੌਤੀਆਂ ਦੇ ਮੱਦੇ ਨਜ਼ਰ, ਵਰਤਮਾਨ ਨੂੰ ਸੰਭਾਲਣ ਦੀ ਲੋੜ ਹੈ।

**ਦਲਜੀਤ ਕੌਰ ਦਾਊਂ**

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। ‘ਲੁਬਾਣਾ ਸੇਵਕ’ ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ ’ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# ਦਾਦੀ ਜੀ ਕਹਿੰਦੇ ਸੀ

ਅੱਜ ਦੇ ਯੁੱਗ ਨੂੰ ਜਾਂ ਕਹਿ ਲਈਏ ਸਮੇਂ ਨੂੰ ਅਗਰ ਅਸੀਂ 1970 ਤੋਂ ਪਹਿਲਾਂ ਨਾਲ ਤੁਲਨਾ ਕਰੀਏ ਤਾਂ ਅੱਜ ਦੇ ਮੁਕਾਬਲੇ ਪਹਿਲਾਂ ਦੇ ਦ੍ਰਿਸ਼ ਕੋਈ ਹੋਰ ਹੀ ਕਿਸਮ ਦੇ ਸਨ, ਜਿਵੇਂ ਕਿ ਪਹਿਲਾਂ ਹਕੀਮ/ਵੈਦ ਦਾ ਬਹੁਤ ਬੋਲਬਾਲਾ ਹੁੰਦਾ ਸੀ ਅਤੇ ਕਾਮਯਾਬ ਵੀ ਹੁੰਦਾ ਸੀ। ਕਿਉਂਕਿ ਬਹੁਤੇ ਸਾਰੇ ਨੁਸਖੇ, ਘਰ ਦੇ ਬਜ਼ੁਰਗਾਂ ਨੂੰ ਹਕੀਮਾਂ ਦੇ ਚੱਕਰ ਲਾ-ਲਾ ਕੇ ਯਾਦ ਹੋ ਜਾਂਦੇ ਸਨ ਤਾਂ ਉਹ ਛੋਟੇ-ਮੋਟੇ ਉਹੜ-ਪੋਹੜ ਆਪ ਹੀ ਕਰ ਲੈਂਦੇ ਸੀ। ਜਿਵੇਂ ਕਿ ਅਗਰ ਕਿਸੇ ਨੂੰ ਕਬਜ਼ ਹੋ ਗਈ ਤਾਂ ਕਹਿਣਾ ਇਸਨੂੰ ਗਰਮ ਦੁੱਧ ਨਾਲ ਇਸਵਗੋਲ ਦਾ ਸੱਤ ਦਾ ਚਮਚਾ ਦੇ ਦਿਓ। ਅਗਰ ਲੂਜ਼ਮੋਸ਼ਨ ਹੋ ਗਏ ਤਾਂ ਕਹਿਣਾ ਇਸ ਨੂੰ ਦਹੀਂ ਵਿਚ ਇਸਵਗੋਲ ਦਾ ਸੱਤ ਦਾ ਚਮਚ ਦੇ ਦਿਉ। ਇਸ ਤਰ੍ਹਾਂ ਦੇ ਕਿੰਨੇ ਹੀ ਨੁਸਖੇ ਘਰਾਂ ਵਿਚ ਬਜ਼ੁਰਗ ਹੀ ਦੱਸ ਦਿਆ ਕਰਦੇ ਸਨ ਅਤੇ ਉਸ ਨੂੰ ਅਪਣਾ ਕੇ ਫਾਇਦਾ ਹੁੰਦਾ ਸੀ। ਇਸੇ ਚੀਜ਼ ਨੂੰ ਸਾਹਮਣੇ ਰੱਖ ਕੇ 'ਦਾਦੀ ਜੀ ਕਹਿੰਦੇ ਸੀ' ਦੇ ਸਿਰਲੇਖ ਹੇਠ ਕੁਝ ਲਿਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਵਿਚ ਕਿ ਇਕੱਲੀ-ਇਕੱਲੀ ਚੀਜ਼ ਦੇ 5 ਤੋਂ 6 ਗੁਣ ਦਰਸਾਏ ਗਏ ਹਨ ਜੋ ਕਿ ਇਸ ਪ੍ਰਕਾਰ ਹਨ –

**ਗਾਜਰ**

1. ਕੱਚੀਆਂ ਗਾਜਰਾਂ ਖਾਣ ਨਾਲ ਆਂਤੜੀਆਂ ਦੇ ਕੀੜੇ ਮਰ ਜਾਂਦੇ ਹਨ।

2. ਗੁਲਾਬ ਦੇ ਅਰਕ ਵਿਚ ਗਾਜਰ ਮਿਲਾ ਕੇ ਖਾਣ ਨਾਲ ਦਿਲ ਦੇ ਰੋਗਾਂ ਲਈ ਲਾਭ ਹੁੰਦਾ ਹੈ।

3. ਗਾਜਰ ਤੇ ਚਕੁੰਦਰ ਦਾ ਜੂਸ ਮਿਲਾ ਕੇ ਲਗਾਤਾਰ ਪੀਣ ਨਾਲ ਮੂੰਹ ਤੇ ਲਾਲਗੀ ਆ ਜਾਂਦੀ ਹੈ।

4. ਗਾਜਰ ਦਾ ਜੂਸ ਪੀਣ ਨਾਲ ਅੱਖਾਂ ਦੀ ਨਿਗ੍ਹਾ ਤੇਜ਼ ਹੁੰਦੀ ਹੈ।

5. ਸੜੇ ਹੋਏ ਜ਼ਖ਼ਮ ਤੇ ਕੱਚੀ ਗਾਜਰ ਦੇ ਲੇਪ ਕਰਨ ਨਾਲ ਜ਼ਖ਼ਮ ਜਲਦੀ ਠੀਕ ਹੋ ਜਾਂਦਾ ਹੈ।

**ਆਲੂ**

1. ਆਲੂ ਉਬਾਲਣ ਤੋਂ ਪਹਿਲਾਂ ਆਲੂਆਂ ਨੂੰ ਠੰਢੇ ਪਾਣੀ ਵਿਚ ਰੱਖੋ। ਥੋੜ੍ਹੀ ਦੇਰ ਬਾਅਦ ਉਬਲਣ ਲਈ ਰੱਖੋ, ਜਲਦੀ ਉਬਲ ਜਾਣਗੇ।

2. ਉਬਲੇ ਆਲੂ ਦੀਆਂ ਟਿੱਕੀਆਂ ਬਣਾਉਣ ਤੋਂ ਪਹਿਲਾਂ ਇਸ ਵਿਚ ਆਲੂਆਂ ਮੁਤਾਬਕ ਥੋੜ੍ਹਾ ਜਿਹਾ ਅਰਾਰੋਟ ਪਾ ਕੇ ਟਿੱਕੀਆਂ ਬਣਾਉ ਤਾਂ ਟਿੱਕੀਆਂ ਟੁੱਟਣਗੀਆਂ ਨਹੀਂ ਅਤੇ ਤਵੇ ਨਾਲ ਵੀ ਨਹੀਂ ਲੱਗਣਗੀਆਂ।

3. ਪੁਰਾਣੇ ਆਲੂ ਤੇ ਝੁਰੜੀਆਂ ਪੈ ਜਾਣ ਤਾਂ ਉਸ ਵਿਚ ਥੋੜ੍ਹਾ ਨਮਕ ਪਾ ਕੇ ਉਬਾਲੋ, ਉਸ ਵਿਚ ਤਾਜ਼ਗੀ ਆ ਜਾਵੇਗੀ।

**ਚਾਵਲ**

1. ਚਾਵਲ ਬਣਾਉਣ ਤੋਂ ਪਹਿਲਾਂ ਅੱਧਾ ਘੰਟਾ ਚਾਵਲ ਪਾਣੀ ਵਿਚ ਭਿਉਂ ਕੇ ਰੱਖਣ ਨਾਲ ਚਾਵਲ ਜਲਦੀ ਬਣ ਜਾਣਗੇ।

2. ਚਾਵਲ ਬਣਾਉਣ ਵੇਲੇ ਇਕ ਚਮਚ ਦੇਸੀ ਘਿਉ ਤੇ 1-2 ਬੂੰਦਾਂ ਸਿਰਕਾ ਪਾ ਦਿਉ ਤਾਂ ਚਾਵਲ ਦੇ ਦਾਣੇ ਵੱਖਰੇ-ਵੱਖਰੇ ਰਹਿਣਗੇ।

3. ਚਾਵਲ ਬਣਾਉਣ ਲੱਗੇ ਇਸ ਵਿਚ 1-2 ਬੂੰਦਾਂ ਨਿੰਬੂ ਨਿਚੋੜ ਕੇ ਪਾਉਣ ਨਾਲ ਚਾਵਲ ਚਿੱਟੇ ਤੇ ਖ਼ੁਸ਼ਬੂਦਾਰ ਬਣਨਗੇ।

4. ਚਾਵਲ ਬਣਾਉਣ ਵੇਲੇ ਇਕ ਛੋਟਾ ਪੀਸ ਦਾਲ ਚੀਨੀ ਦਾ ਪਾ ਦਈਏ ਤਾਂ ਚਾਵਲ ਖ਼ੁਸ਼ਬੂਦਾਰ ਬਣਨਗੇ।

**ਸਲਾਦ**

1. ਸਲਾਦ ਵਾਸਤੇ ਪਿਆਜ਼ ਕੱਟਣ ਤੋਂ ਬਾਅਦ ਥੋੜ੍ਹੀ ਦੇਰ ਪਾਣੀ ਵਿਚ ਭਿਉਂ ਕੇ ਰੱਖਣ ਨਾਲ ਪਿਆਜ਼ ਦੀ ਕੁੜੱਤਣ ਖਤਮ ਹੋ ਜਾਂਦੀ ਹੈ।

2. ਟਮਾਟਰ, ਕਾਲਾ ਨਮਕ ਤੇ ਕਾਲੀ ਮਿਰਚ ਪਾ ਕੇ ਨਿਰਣੇ ਕਾਲਜੇ ਇਕ ਹਫ਼ਤਾ ਖਾਣ ਨਾਲ ਪੇਟ ਦੇ ਕੀੜੇ ਖਤਮ ਹੋ ਜਾਂਦੇ ਹਨ।

3. ਸਲਾਦ ਕੱਟਣ ਤੋਂ ਬਾਅਦ ਖਾਣ ਲੱਗੇ ਹੀ ਪੀਲਾ ਨਿੰਬੂ ਨਿਚੋੜ ਕੇ ਖਾਓ ਗਲਾ ਖਰਾਬ ਨਹੀਂ ਹੋਵੇਗਾ। ਅਗਰ ਹਰੇ ਰੰਗ ਦਾ ਨਿੰਬੂ ਨਿਚੋੜ ਕੇ ਖਾਵਾਂਗੇ ਤਾਂ ਇਹ ਗਲਾ ਫੜ ਸਕਦਾ ਹੈ।

4. ਸਲਾਦ ਕੱਟ ਕੇ ਖਾਣ ਲੱਗੇ ਹੀ ਇਸ ਉੱਤੇ ਨਮਕ ਪਾਉ। ਜ਼ਿਆਦਾ ਦੇਰ ਨਮਕ ਪਾ ਕੇ ਰੱਖਣ ਨਾਲ ਇਸ ਵਿਚੋਂ ਵਿਟਾਮਿਨ ਖਤਮ ਹੋ ਜਾਂਦੇ ਹਨ।

5. ਸਲਾਦ ਕੱਟ ਕੇ ਖਾਣ ਤੋਂ ਪਹਿਲਾਂ ਅਗਰ ਇਸ ਤੇ ਜੈਤੂਨ ਤੇਲ (ਉਲੀਵ ਆਇਲ), ਬਦਾਮ ਤੇਲ ਜਾਂ ਅਖਰੋਟ ਤੇਲ ਪਾ ਲਿਆ ਜਾਵੇ ਤਾਂ ਸਲਾਦ ਵਾਈ ਨਹੀਂ ਕਰਦਾ।

6. ਸਲਾਦ ਤੇ ਨਿੰਬੂ ਅਤੇ ਨਮਕ ਪਾਉਣ ਤੋਂ ਬਾਅਦ ਫਰਿਜ਼ 'ਚ ਨਹੀਂ ਰੱਖਣਾ ਚਾਹੀਦਾ। ਇਸ ਤਰ੍ਹਾਂ ਸਲਾਦ ਦੀ ਤਾਜ਼ਗੀ ਅਤੇ ਵਿਟਾਮਿਨ ਦੋਵੇਂ ਖਤਮ ਹੋ ਜਾਂਦੇ ਹਨ।

**ਸਿਰਕਾ**

1. ਦਰਵਾਜ਼ੇ ਤੇ ਬਾਰੀਆਂ ਦੇ ਸ਼ੀਸ਼ੇ ਸਾਫ਼ ਕਰਨ ਲਈ ਪਾਣੀ ਵਿਚ ਥੋੜ੍ਹਾ ਜਿਹਾ ਸਿਰਕਾ ਪਾ ਕੇ ਸਾਫ਼ ਕਰਨ ਨਾਲ ਸ਼ੀਸ਼ਿਆਂ ਵਿਚ ਚਮਕ ਆ ਜਾਂਦੀ ਹੈ।

2. ਚਿੱਟੇ ਕੱਪੜੇ ਧੋਣ ਵੇਲੇ ਉਨ੍ਹਾਂ ਵਿਚ ਇਕ ਚਮਚ ਜਾਂ ਕੱਪੜਿਆਂ ਮੁਤਾਬਕ ਵੱਧ ਘੱਟ ਸਿਰਕਾ ਪਾਉਣ ਨਾਲ ਚਿੱਟੇ ਕੱਪੜਿਆਂ ਤੇ ਚਮਕ ਅਤੇ ਚਿੱਟਾਪਨ ਆ ਜਾਂਦੀ ਹੈ।

3. ਸਵੇਰੇ ਖਾਲੀ ਪੇਟ ਗੁਨਗੁਨੇ (ਕੋਸੇ) ਪਾਣੀ ਵਿਚ ਜ਼ਰੂਰਤ ਮੁਤਾਬਕ ਸਿਰਕਾ ਜਾਂ ਸ਼ਹਿਦ ਮਿਲਾ ਕੇ 1 ਮਹੀਨਾ ਪੀਣ ਨਾਲ ਮੋਟਾਪਾ ਘੱਟ ਹੋ ਜਾਂਦਾ ਹੈ।

4. ਅਗਰ ਪਸੀਨੇ ਵਿਚੋਂ ਬਦਬੂ ਆਉਂਦੀ ਹੋਵੇ ਤਾਂ ਨਹਾਉਣ ਵੇਲੇ ਪਾਣੀ ਵਿਚ ਕੁਝ ਬੂੰਦਾਂ ਸਿਰਕੇ ਦੀਆਂ ਪਾ ਕੇ ਨਹਾਉਣ ਨਾਲ ਪਸੀਨੇ ਦੀ ਬਦਬੂ ਦੂਰ ਹੋ ਜਾਂਦੀ ਹੈ।

5. ਸਿਰਕਾ ਪਾ ਕੇ ਪਿਆਜ਼ ਖਾਣਾ ਵੀ ਪੇਟ ਲਈ ਲਾਹੇਵੰਦ ਹੈ।

**ਇੰਜੀਨੀਅਰ ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**

# ਸੁੱਚੇ ਆਦਰਸ਼ਾਂ ਦੇ ਰਾਹ ਤੁਰਨ ਵਾਲੇ ਮਨੁੱਖ

ਜ਼ਿੰਦਗੀ ਆਪਣੀ ਚਾਲ ਤੁਰਦੀ ਹੈ। ਹਾਦਸਿਆਂ ਤੋਂ ਸਬਕ ਸਿਖਦੀ ਹੈ ਪਰ ਰੁਕਦੀ ਨਹੀਂ। ਪ੍ਰੇਰਨਾ ਲੈ ਕੇ ਆਪਣੀ ਮੰਜ਼ਲ ਵੱਲ ਵਧਦੀ ਰਹਿੰਦੀ ਹੈ। ਤੁਰਦਿਆਂ ਤੁਰਦਿਆਂ ਰਾਹਾਂ 'ਚ ਆਉਂਦੇ ਸੁਖਦ ਦੁਖਦ ਪਲ, ਇਸ ਦੇ ਰੁਖ ਨੂੰ ਪ੍ਰਭਾਵਿਤ ਕਰਦੇ ਹਨ। ਇਸ ਪੈਂਡੇ 'ਚ ਮਿਲਦੇ ਆਉਂਦੇ ਜਾਂਦੇ ਪਾਂਧੀ ਸਿੱਖਣ ਸਿਖਾਉਣ ਦੇ ਘੇਰੇ ਨੂੰ ਵਿਸ਼ਾਲ ਕਰਦੇ ਹਨ। ਮੰਜ਼ਲ ਤੇ ਪੁੱਜਣ ਲਈ ਸਿਦਕ, ਲਗਨ, ਪ੍ਰਤੀਬੱਧਤਾ ਤਾਂ ਕੰਮ ਆਉਂਦੀ ਹੈ, ਨਾਲ ਹੀ ਰਿਸ਼ਤੇ ਨਾਤੇ ਤੇ ਮੋਹ ਪਿਆਰ ਦੀ ਸਾਂਝ ਸਫਰ ਨੂੰ ਗਤੀ ਦੇਣ ਦੇ ਕੰਮ ਆਉਂਦੀ ਹੈ। ਮਨ 'ਚ ਪਣਪਦੀਆਂ ਉਮੰਗਾਂ, ਖੁਸ਼ੀਆਂ ਤੇ ਸੁਪਨੇ ਲਗਾਤਾਰ ਅੱਗੇ ਵੱਧਣ ਦੀ ਤਾਂਘ ਨੂੰ ਬਣਾਈ ਰੱਖਦੇ ਹਨ।

ਮੰਜ਼ਲ ਤਾਂ ਹੀ ਕਦਮਾਂ 'ਚ ਆਉਂਦੀ ਹੈ, ਜੇ ਮਨ 'ਚ ਬੁਲੰਦੀ ਨੂੰ ਛੂੰਹਣ ਦਾ ਜਜ਼ਬਾ ਹੋਵੇ। ਉਡਦੇ ਬਾਜਾਂ ਮਗਰ ਜਾਣ ਦਾ ਹੌਂਸਲਾ ਤੇ ਮੁਸ਼ਕਲਾਂ ਨਾਲ ਸਿੱਝਣ ਦੀ ਸਮਰੱਥਾ ਹੋਵੇ।


**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
98152-69145




ਜਦ ਜ਼ਿੰਦਗੀ ਅਜਿਹੇ ਅਹਿਸਾਸਾਂ ਤੇ ਤਜ਼ਰਬਿਆਂ ਨਾਲ ਮਾਲਾਮਾਲ ਹੁੰਦੀ ਹੈ ਤਾਂ ਉਸ ਦੀ ਜਿੱਤ ਨੂੰ ਕੋਈ ਟਾਲ ਨਹੀਂ ਸਕਦਾ। ਜਿੱਤ, ਜ਼ਿੰਦਗੀ ਦੀ ਬੁਲੰਦੀ ਦਾ ਪ੍ਰਤੀਕ ਹੈ। ਆਪਣੀ ਮੰਜ਼ਲ ਪਾ ਕੇ ਜ਼ਿੰਦਗੀ ਨਵੇਂ ਰਿਸ਼ਤਿਆਂ ਨਾਲ ਜੁੜਦੀ ਹੈ। ਆਪਣੀ ਮਨ ਪਸੰਦ ਜੀਵਨ ਸਾਥਣ ਤੋਂ ਅੱਗੇ ਬੱਚੇ ਉਸ ਦੀ ਜ਼ਿੰਦਗੀ ਦੀ ਬਗੀਚੀ ਦੇ ਫੁੱਲ ਬਣਦੇ ਹਨ, ਜਿਨ੍ਹਾਂ ਦੀ ਮਹਿਕ ਉਸ ਨੂੰ ਹਰ ਪਲ ਸ਼ਰਸਾਰ ਕਰਦੀ ਹੈ। ਉਸ ਦੇ ਮਾਣ ਸਤਿਕਾਰ 'ਚ ਵਾਧਾ ਕਰਨ ਦੇ ਨਾਲ-ਨਾਲ ਜੀਣ ਦੀ ਤਾਂਘ ਨੂੰ ਵੀ ਬਲ ਬਖ਼ਸ਼ਦੀ ਹੈ। ਉਹ ਆਪਣੇ ਨੰਨੇ ਮੁੰਨੇ ਖਿੜਦੇ ਹੋਏ ਫੁੱਲਾਂ ਤੋਂ ਉਮੀਦਾਂ ਲਗਾਉਣ ਲੱਗਦਾ ਹੈ। ਜ਼ਿੰਦਗੀ ਦੇ ਝੱਖੜ ਝੋਲਿਆਂ ਨਾਲ ਆਸਾਂ ਬਣਦੀਆਂ ਟੁੱਟਦੀਆਂ ਰਹਿੰਦੀਆਂ ਹਨ ਪਰ ਸਾਬਤ ਕਦਮੀ ਤੁਰਨ ਵਾਲੇ ਮਨੁੱਖ ਕਦੇ ਹਾਰ ਨਹੀਂ ਮੰਨਦੇ। ਜਦ ਉਸ ਦੇ ਪੈਦਾ ਕੀਤੇ ਫੁੱਲ ਆਪਣੇ ਜ਼ੋਬਨ 'ਤੇ ਆਉਂਦੇ ਹਨਤਾਂ ਉਸ ਦਾ ਕਣ-ਕਣ ਨਸ਼ਿਆਉਂਦਾ ਹੈ ਤੇ ਜ਼ਿੰਦਗੀ ਆਪਣੇ ਆਪ ਨੂੰ ਫ਼ਖਰ ਮਹਿਸੂਸ ਕਰਦੀ ਹੈ। ਅਜਿਹੇ ਪਲਾਂ 'ਚ ਮਾਣਿਆਂ ਸੁੱਖ ਜ਼ਿੰਦਗੀ ਦਾ ਮਾਣ ਬਣਦਾ ਹੈ। ਮਨੁੱਖ ਆਪਣੇ ਆਪ ਨੂੰ ਸੱਤਵੇਂ ਆਸਮਾਨ 'ਚ ਪਹੁੰਚਿਆ ਮਹਿਸੂਸ ਕਰਦਾ ਹੈ। ਉਸ ਨੂੰ ਆਪਣੀ ਸਫਲਤਾ ਰਾਸ ਆਉਂਦੀ ਹੈ ਪਰ ਇਹ ਉਸਦੇ ਨਿੱਜ ਦਾ ਅਹਿਸਾਸ ਹੁੰਦਾ ਹੈ। ਲੋਕਾਈ ਨਾਲ ਜੁੜੇ ਰਹਿਣ ਵਾਲੇ ਮਨੁੱਖ ਅਜਿਹੀ ਖੁਸ਼ੀ ਤੇ ਜਿੱਤ ਦੀ ਆਸ ਸਭਨਾਂ ਦੀ ਖੁਸ਼ਹਾਲੀ 'ਚੋਂ ਦੇਖਦੇ ਹਨ। ਆਪਣੀ ਬਗੀਚੀ 'ਚ ਪਲੇ ਫੁੱਲਾਂ ਦੀ ਮਹਿਕ ਦੇ ਸਦੀਵੀ ਆਨੰਦ ਲਈ ਮਨੁੱਖ ਸੌ ਓਹੜ ਪੋਹੜ ਕਰਦਾ ਹੈ। ਸਮੇਂ ਨਾਲ ਸਮਝੌਤਾ ਤੇ ਅਸੂਲਾਂ ਦੀ ਅਣਦੇਖੀ ਨੂੰ ਵੀ ਉਹ ਸਵੀਕਾਰ ਕਰ ਲੈਂਦਾ ਹੈ। ਆਪਣੀ ਖੁਸ਼ੀ ਲਈ ਉਹ ਦੂਸਰਿਆਂ ਦੀਆਂ ਜੇਬਾਂ ਕੱਟਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਇਸ ਹਾਲਤ ਵਿਚ ਵੱਡਾ ਬਣਨਾ ਤੇ ਦਿੱਸਣਾ ਉਸ ਦਾ ਸੁਪਨਾ ਬਣਨ ਲੱਗਦਾ ਹੈ ਜਦ ਆਪਣੇ ਪਾਲੇ ਫੁੱਲਾਂ ਦੇ ਕੰਡੇ ਚੁਭਦੇ ਹਨ ਤਾਂ ਸੁਰਤ ਆਉਣ ਲੱਗਦੀ ਹੈ। ਫਿਰ ਮਾਣ ਅਪਮਾਨ ਦੇ ਸਮੀਕਰਣ ਬਦਲਣ ਲੱਗਦੇ ਹਨ। ਆਪਣੇ ਬੇਗਾਨੇ ਦਾ ਫਰਕ ਨਜ਼ਰ ਆਉਣ ਲੱਗਦਾ ਹੈ। ਫੁੱਲਾਂ ਦੇ ਕੰਢੇ ਤਿੱਖੇ ਹੋ ਜਾਣ ਤਾਂ ਜੀਵਨ ਦਾ ਰੁਖ਼ ਤਬਦੀਲ ਹੋ ਜਾਂਦਾ ਹੈ ਤੇ ਨਜ਼ਰ ਆਉਣ ਵਾਲਾ ਸੁਖ ਸੰਤਾਪ ਬਣਦਾ ਜਾਂਦਾ ਹੈ। ਘਰ ਪਰਿਵਾਰ ਦੇ ਝੰਬੇ ਮਨੁੱਖ ਜਦ ਸਮਿਆਂ ਦੀ ਮਾਰ ਖਾ ਕੇ ਸਮੂਹ ਨਾਲ ਜੁੜਦੇ ਹਨ ਤਾਂ ਮਨਾਂ 'ਚ ਨਵੇਂ ਅਹਿਸਾਸ ਪਣਪਦੇ ਹਨ। ਖੁਸ਼ੀ ਦਾ ਸਰੂਪ ਬਦਲ ਕੇ, ਨਿੱਜ ਤੋਂ ਲੋਕਾਈ ਤੱਕ ਦਾ ਸਫ਼ਰ ਤੈਅ ਕਰਦਾ ਹੈ। ਫਿਰ ਸਾਰਿਆਂ ਦਾ ਦੁੱਖ ਆਪਣਾ ਤੇ ਉਨ੍ਹਾਂ ਦੀ ਖੁਸ਼ੀ ਦਾ ਰੰਗ ਵੀ ਆਪਣਾ। ਅਜਿਹੀਆਂ ਹਾਲਤਾਂ ਵਿਚ ਦੁੱਖ ਦਾ ਅਹਿਸਾਸ ਨਹੀਂ ਹੁੰਦਾ ਪਰ ਖੁਸ਼ੀ ਦਾ ਰੰਗ ਦੂਣਾ ਚੌਣਾ ਹੋ ਜਾਂਦਾ ਹੈ।

ਫਿਰ ਘਰਾਂ ਤੇ ਆਪਣੀ ਬਗੀਚੀ ਦੇ ਫੁੱਲਾਂ ਤੋਂ ਹਾਰਿਆ ਹੋਇਆ ਮਨੁੱਖ ਜਿੱਤ ਦੇ ਮਾਰਗ ਵੱਲ ਤੁਰਦਾ ਹੈ। ਉਹ ਮਾਰਗ ਜੋ ਸਭਨਾਂ ਦਾ ਸਾਂਝਾ ਹੈ ਜਿਸ ਦਾ ਰਾਹ ਖੁਸ਼ਹਾਲੀ ਤੇ ਸਮੂਹ ਦੀ ਬੁਲੰਦੀ ਵੱਲ ਖੁੱਲ੍ਹਦਾ ਹੈ। ਇਹ ਰਸਤਾ ਭਾਵੇਂ ਹੁੰਦਾ ਤਾਂ ਬਿਖੜਾ ਹੈ ਪਰ ਇਸ ਤੇ ਤੁਰਨ ਦਾ ਮਾਣ ਹਰੇਕ ਨੂੰ ਨਹੀਂ ਹੁੰਦਾ। ਇਸ ਪੈਂਡੇ ਤੇ ਤੁਰਨ ਵਾਲੇ ਮਨੁੱਖ ਵਡਭਾਗੇ ਹੁੰਦੇ ਹਨ। ਉਨ੍ਹਾਂ ਦੀ ਤੋਰ 'ਚ ਨਿਵੇਕਲੀ ਖੁਸ਼ੀ ਦਾ ਅਹਿਸਾਸ ਹੁੰਦਾ ਹੈ। ਇਹ ਰਾਹ ਹੀ ਜ਼ਿੰਦਗੀ ਦੇ ਨਾਇਕ ਪੈਦਾ ਕਰਦਾ ਹੈ। ਇਸ ਤੇ ਚੱਲਣ ਵਾਲੇ ਬੇਪ੍ਰਵਾਹ ਹੁੰਦੇ ਹਨ।

## ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

ਕਹਾਣੀ

# ਜ਼ਖਮੀ ਮਰਦ

**ਬੀ.ਐਸ. ਬੀਰ**

ਦੇਸ਼ ਦੀ ਵੰਡ ਹੋਈ ਤਾਂ ਲਾਲ ਸਿੰਘ ਆਪਣੀ ਪਤਨੀ ਗੁਰਬਖ਼ਸ਼ ਕੌਰ ਤੇ ਦੋ ਬੱਚੇ ਭੁਪਿੰਦਰ ਸਿੰਘ ਅਤੇ ਹਰਿੰਦਰ ਕੌਰ ਨਾਲ ਪੋਠੋਹਾਰ ਦਾ ਇਕ ਪਿੰਡ ਗੁਜਰੀ (ਪਾਕਿਸਤਾਨ) ਛੱਡ ਕੇ ਅੰਮ੍ਰਿਤਸਰ ਆ ਗਿਆ ਸੀ ਤੇ ਕੁਝ ਚਿਰ ਮਗਰੋਂ ਉਹ ਸਾਰੇ ਪਟਿਆਲੇ ਆ ਵਸੇ। ਲਾਲ ਸਿੰਘ ਪੋਠੋਹਾਰ ਦੇ ਜਿਸ ਪਿੰਡ ਵਿਚੋਂ ਆਇਆ ਸੀ, ਉਹ ਮੁਸਲਮਾਨਾਂ ਦੀ ਸੰਘਣੀ ਆਬਾਦੀ ਵਾਲਾ ਇਲਾਕਾ ਸੀ। ਹਿੰਦੂਆਂ ਤੇ ਸਿੱਖਾਂ ਦੇ ਛੇ ਸੱਤ ਘਰ ਸਨ ਤੇ ਬਾਕੀ ਸਭ ਮੁਸਲਮਾਨਾਂ ਦੇ। ਨੇੜੇ-ਤੇੜੇ ਦੇ ਪਿੰਡਾਂ ਵਿੱਚ ਵੀ ਮੁਸਲਮਾਨਾਂ ਦਾ ਬੋਲਬਾਲਾ ਸੀ। ਅਸਲ ਵਿਚ ਲਾਲ ਸਿੰਘ ਦੇ ਉਹ ਦੋ ਬੱਚੇ ਆਪਣੇ ਨਹੀਂ ਸਨ। ਸਗੋਂ ਉਸ ਦੇ ਮਾਮੇ ਦੇ ਮੁੰਡੇ ਜੁਗਿੰਦਰ ਸਿੰਘ ਦੇ ਸਨ। ਪਾਕਿਸਤਾਨ ਬਣਨ ਤੋਂ ਪੰਜ ਕੁ ਸਾਲ ਪਹਿਲਾਂ ਜੁਗਿੰਦਰ ਸਿੰਘ ਚਲਾਣਾ ਕਰ ਗਿਆ ਸੀ ਤੇ ਉਹ ਆਪਣੇ ਪਿੱਛੇ ਇਕ ਮੁੰਡਾ ਭੁਪਿੰਦਰ ਸਿੰਘ ਤੇ ਕੁੜੀ ਹਰਿੰਦਰ ਕੌਰ ਛੱਡ ਗਿਆ ਸੀ। ਉਸ ਦੀ ਪਤਨੀ ਗੁਰਬਖ਼ਸ਼ ਕੌਰ ਸੀ। ਵਿਧਵਾ ਹੋਣ ਸਮੇਂ ਮਸਾਂ ਬਾਈ ਤੇਈ ਸਾਲਾਂ ਦੀ ਸੀ। ਭੁਪਿੰਦਰ ਤਿੰਨ ਸਾਲ ਦਾ ਸੀ ਤੇ ਕੁੜੀ ਹਰਿੰਦਰ ਮਸਾਂ ਅੱਠ ਮਹੀਨਿਆਂ ਦੀ। ਪਤੀ ਦੀ ਮੌਤ ਸਮੇਂ ਗੁਰਬਖ਼ਸ਼ ਕੌਰ ਭਰ ਜੋਬਨ ਮੁਟਿਆਰ ਸੀ ਤੇ ਪੋਠੋਹਾਰੀ ਹੁਸਨ ਨਾਲ ਲਬੋ-ਲਬ। ਜੁਗਿੰਦਰ ਸਿੰਘ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ। ਨੂੰਹ ਦੇ ਵਿਧਵਾ ਹੋਣ 'ਤੇ ਜੁਗਿੰਦਰ ਦੇ ਮਾਤਾ-ਪਿਤਾ ਸੋਚੀ ਪੈ ਗਏ ਕਿ ਉਹ ਕੀ ਕਰਨ। ਜੇ ਨੂੰਹ ਨੂੰ ਇੰਜ ਘਰ ਬਿਠਾਉਂਦੇ ਹਨ ਤਾਂ ਪਿੰਡ ਦੇ ਮੁਸ਼ਟੰਡੇ ਮੁਸਲਮਾਨਾਂ ਦਾ ਡਰ ਲੱਗਦਾ ਸੀ। ਦੂਜੀ ਗੱਲ ਗੁਰਬਖ਼ਸ਼ ਕੌਰ ਦੇ ਜਵਾਨੀ ਦੇ ਪੈਰ ਵੀ ਥਿੜਕ ਸਕਦੇ ਸਨ। ਗੁਰਬਖ਼ਸ਼ ਦੇ ਮਾਤਾ-ਪਿਤਾ ਨੇ ਕਿਹਾ, "ਉਹ ਹਿਕ ਵਾਰੀ ਘਰੋਂ ਡੋਲੀ 'ਚ ਪਾਈ ਆਪਣੀ ਧੀਊਗੀ ਕੀਆਂ ਵਾਪਸ ਲੇਈ ਜਾ ਸਕਨੇ ਨੁ ਧੀਊਗੀ ਜਿਸ ਘਰੇ ਟੋਰਿਆ ਉਥੂ ਤੇ ਉਸ ਦੀ ਅਰਥੀ ਨਿਕਲਸੀ।"

ਗੁਰਬਖ਼ਸ਼ ਕੌਰ ਨੂੰ ਵੀ ਆਪਣੇ ਸਹੁਰੇ ਘਰ ਅੰਤਾਂ ਦਾ ਮੋਹ ਸੀ ਅਤੇ ਭੁਪਿੰਦਰ ਤੇ ਹਰਿੰਦਰ ਨਾਲ ਪੂਰੀ ਤਰ੍ਹਾਂ ਮਾਨਸਿਕ ਤੌਰ 'ਤੇ ਬੱਝੀ ਗਈ ਸੀ। ਉਸ ਨੂੰ ਆਪਣੇ ਪਤੀ ਜੁਗਿੰਦਰ ਸਿੰਘ ਨਾਲ ਅੰਤਾਂ ਦਾ ਲਗਾਵ ਸੀ। ਉਹ ਕੀ ਕਰਦੀ, ਭਰ ਜਵਾਨੀ ਵਿਚ ਹੀ ਉਸ ਦਾ ਪਤੀ ਉਸ ਨੂੰ ਵਿਧਵਾ ਕਰਕੇ ਚਲਦਾ ਬਣਿਆ ਸੀ। ਜੁਗਿੰਦਰ ਸਿੰਘ ਦੀ ਮਾਂ ਇਸੇ ਸੋਚ ਵਿਚ ਖੁਰਦੀ-ਖੁਰਦੀ ਖੁਰ ਗਈ ਤੇ ਪੁੱਤਰ ਦੀ ਮੌਤ ਤੋਂ ਛੇ ਮਹੀਨੇ ਮਗਰੋਂ ਉਹ ਵੀ ਚਲਦੀ ਬਣੀ। ਜੁਗਿੰਦਰ ਸਿੰਘ ਦੇ ਪਿਤਾ ਨੇ ਰਿਸ਼ਤੇਦਾਰਾਂ ਨਾਲ ਸਲਾਹ ਕੀਤੀ। ਭੈਣ ਨੂੰ ਘਰੇ ਬੁਲਾਇਆ। ਭੈਣ ਦਾ ਮੁੰਡਾ ਸੀ ਲਾਲ ਸਿੰਘ ਜਿਸ ਦੀ ਉਮਰ ਲਗਭਗ ਜੁਗਿੰਦਰ ਦੇ ਹਾਣ ਦੀ ਸੀ। ਉਹ ਅਜੇ ਕੁਆਰਾ ਬੈਠਾ ਸੀ। ਜੁਗਿੰਦਰ ਦੇ ਪਿਤਾ ਨੇ ਭੈਣ ਨੂੰ ਹੱਥ ਜੋੜੇ ਤੇ ਲਾਲ ਸਿੰਘ ਨੂੰ ਆਪਣਾ ਧਰਮ- ਪੁੱਤਰ ਬਣਾ ਲਿਆ ਸੀ। ਉਸ ਨੇ ਆਪਣੀ ਨੂੰਹ ਗੁਰਬਖ਼ਸ਼ ਕੌਰ ਦੇ ਅੱਗੇ ਹੱਥ ਜੋੜਦੇ ਹੋਏ ਕਿਹਾ ਸੀ। "ਪੁੱਤਰ, ਵਾਹਗੁਰੂ ਦਾ ਭਾਣਾ- ਹੁੱਸ ਨੇ ਅੱਗੇ ਕਿਸ ਨਾ ਜ਼ੋਰ- ਉਸ ਨੀ ਰਜ਼ਾ ਮੰਨੀ ਲੈ।" ਤਿੰਨ ਚਾਰ ਮਹੀਨੇ ਤਾਂ ਗੁਰਬਖ਼ਸ਼ ਕੌਰ ਨੇ ਹਠ ਕੀਤਾ ਸੀ ਤੇ ਉਸ ਨੇ ਲਾਲ ਸਿੰਘ ਨਾਲ ਚਾਦਰ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਪਰ ਹਾਲਾਤ, ਚੌਗਿਰਦੇ ਦੀਆਂ ਮਜਬੂਰੀਆਂ ਨੂੰ ਵੇਖਦੇ ਹੋਏ ਆਖ਼ਰ ਉਹ ਇਕ ਦਿਨ ਮੰਨ ਗਈ ਸੀ। ਵਿਆਹ ਤੋਂ ਤਿੰਨ-ਚਾਰ ਮਹੀਨੇ ਬਾਅਦ ਵੀ, ਉਸ ਨੇ ਲਾਲ ਸਿੰਘ ਨੂੰ ਸਮਾਜਿਕ ਤੌਰ 'ਤੇ ਪਤੀ ਤਾਂ ਮੰਨਿਆ ਸੀ ਪਰ ਆਪਣੇ ਸਰੀਰ ਨੂੰ ਛੂਹਣ ਨਹੀਂ ਸੀ ਦਿੱਤਾ। ਉਹ ਆਪਣੇ-ਆਪ ਨੂੰ ਜੁਗਿੰਦਰ ਸਿੰਘ ਦੀ ਅਮਾਨਤ ਸਮਝਦੀ ਸੀ। ਫਿਰ ਭਾਣਾ ਵਰਤਿਆ, ਉਸ ਦਾ ਸਹੁਰਾ ਚਲ ਵਸਿਆ। ਹੁਣ ਲਾਲ ਸਿੰਘ ਤੋਂ ਸਿਵਾਏ ਉਸ ਦਾ ਕੋਈ ਨਹੀਂ ਸੀ। ਪਰ ਉਹ ਮਾਨਸਿਕ ਰੂਪ ਵਿਚ ਅਜੇ ਵੀ ਲਾਲ ਸਿੰਘ ਦੇ ਨੇੜੇ ਲੱਗਣ ਲਈ ਤਿਆਰ ਨਹੀਂ ਸੀ।

ਸਹੁਰੇ ਦੀ ਮੌਤ ਤੋਂ ਛੇਤੀ ਹੀ ਮਗਰੋਂ ਦੇਸ਼ ਦੀ ਵੰਡ ਹੋ ਗਈ। ਗੁਰਬਖ਼ਸ਼ ਕੌਰ, ਲਾਲ ਸਿੰਘ ਤੇ ਬੱਚਿਆਂ ਨਾਲ ਅੰਮ੍ਰਿਤਸਰ ਆ ਗਈ ਸੀ। ਉਸ ਨੂੰ ਆਪਣਾ ਸਹੁਰਾ ਪਿੰਡ ਬਹੁਤ ਯਾਦ ਆਉਂਦਾ। ਸਹੁਰਾ ਘਰ ਉਸ ਨੂੰ ਭੁੱਲਣ ਵਿਚ ਨਹੀਂ ਸੀ ਆਉਂਦਾ ਤੇ ਜੁਗਿੰਦਰ ਸਿੰਘ ਨੇ ਜਿਵੇਂ ਉਸ ਦੇ ਦਿਲ ਵਿਚ ਇਸ ਜਨਮ ਲਈ ਪੱਕੀ ਥਾਂ ਬਣਾ ਲਈ ਸੀ। ਕੁਝ ਸਮੇਂ ਮਗਰੋਂ ਉਹ ਪਟਿਆਲੇ ਆ ਗਏ। ਲਾਲ ਸਿੰਘ ਨੇ ਬਹੁਤ ਟੱਕਰਾਂ ਮਾਰੀਆਂ ਪਰ ਉਸ ਨੂੰ ਕੋਈ ਨੌਕਰੀ ਨਾ ਮਿਲੀ। ਦੂਜਾ ਉਹ ਕੋਈ ਬਹੁਤਾ ਪੜ੍ਹਿਆ-ਲਿਖਿਆ ਵੀ ਨਹੀਂ ਸੀ। ਉਹ ਸਬਜ਼ੀ ਦਾ ਛਾਬਾ ਚੁੱਕ ਕੇ ਗਲੀ-ਗਲੀ ਘੁੰਮਦਾ ਤੇ ਜੋ ਦੋ-ਤਿੰਨ ਰੁਪਏ ਜੁੜਦੇ ਉਹ ਗੁਰਬਖ਼ਸ਼ ਦੀ ਤਲੀ 'ਤੇ ਰੱਖ ਦਿੰਦਾ। ਉਸ ਨੂੰ ਬੱਚਿਆਂ ਨਾਲ ਕੁੱਝ ਕੁ ਮੋਹ ਹੋ ਗਿਆ ਸੀ। ਪਟਿਆਲੇ ਆ ਕੇ ਗੁਰਬਖ਼ਸ਼ ਕੌਰ ਨੇ ਬਹੁਤ ਸੋਚਿਆ ਤੇ ਫੇਰ ਉਸ ਨੇ ਆਪਣੇ ਸਰੀਰ ਨੂੰ ਲਾਲ ਸਿੰਘ ਦੇ ਹਵਾਲੇ ਕਰ ਹੀ ਦਿੱਤਾ। ਲਾਲ ਸਿੰਘ ਨੂੰ ਚਾਅ ਚੜ੍ਹ ਗਿਆ ਤੇ ਉਹ ਭੱਜ-ਭੱਜ ਕੇ ਕੰਮ ਕਰਨ ਲੱਗਾ।

ਗੁਰਬਖ਼ਸ਼ ਨੇ ਵੇਖਿਆ ਕਿ ਘਰ ਦਾ ਗੁਜ਼ਾਰਾ ਔਖਾ ਹੋ ਰਿਹਾ ਹੈ। ਉਹ ਪੰਜ ਜਮਾਤਾਂ ਪਾਸ ਸੀ। ਗੁਰਬਾਣੀ ਤੇ ਗੁਰਮੁਖੀ ਉਸ ਨੂੰ ਆਉਂਦੀ ਸੀ। ਉਸ ਨੇ ਗੁਰਦੁਆਰੇ ਹਾਰਮੋਨੀਅਮ ਵਜਾਉਣਾ ਸਿੱਖ ਲਿਆ ਤੇ ਕੀਰਤਨ ਕਰਨ ਲੱਗੀ। ਜਦੋਂ ਉਹ ਕੀਰਤਨ ਕਰਦੀ ਤਾਂ ਭੇਟਾ ਥੋੜ੍ਹੀ ਬਹੁਤ ਆਉਣ ਲੱਗ ਪਈ ਅਤੇ ਘਰ ਦਾ ਗੁਜ਼ਾਰਾ ਕੁਝ ਠੀਕ-ਠਾਕ

ਚੱਲਣ ਲੱਗਾ। ਗੁਰਬਖ਼ਸ਼ ਕੌਰ ਨੇ ਬੁੱਧੀਮਾਨੀ ਪਾਸ ਕਰ ਲਈ ਤੇ ਇਸ ਮਗਰੋਂ ਗਿਆਨੀ। ਗਿਆਨੀ ਪਾਸ ਕਰ ਮਗਰੋਂ ਉਸ ਨੇ ਕੁੜੀਆਂ ਦੇ ਖ਼ਾਲਸਾ ਹਾਈ ਸਕੂਲ ਵਿਚ ਪੰਜਾਬੀ ਟੀਚਰ ਦੀ ਨੌਕਰੀ ਲੈ ਲਈ। ਲਾਲ ਸਿੰਘ ਸਬਜ਼ੀ ਦੇ ਛਾਬੇ ਤੋਂ ਅੱਗੇ ਨਾ ਵਧ ਸਕਿਆ। ਆੜ੍ਹਤੀ ਉਸ ਨੂੰ ਰਾਹ ਨਹੀਂ ਦਿੰਦੇ ਤੇ ਕੁਝ ਉਹ ਸੁਭਾਅ ਦਾ ਵੀ ਸਿੱਧਾ-ਪੱਧਰਾ ਸੀ। ਬਿਜ਼ਨੈੱਸ ਦੇ ਤੌਰ-ਤਰੀਕੇ ਉਸ ਨੂੰ ਘੱਟ ਹੀ ਆਉਂਦੇ ਸਨ।

ਪਟਿਆਲੇ ਆਉਣ ਤੋਂ ਤਿੰਨ ਸਾਲ ਮਗਰੋਂ ਗੁਰਬਖ਼ਸ਼ ਕੌਰ ਨੇ ਇੱਕ ਕੁੜੀ ਨੂੰ ਜਨਮ ਦਿੱਤਾ। ਲਾਲ ਸਿੰਘ ਨੂੰ ਜਿਵੇਂ ਕਾਰੂੰ ਦਾ ਖਜ਼ਾਨਾ ਮਿਲ ਗਿਆ। ਗੁਰਬਖ਼ਸ਼ ਕੌਰ ਸਿਰਫ਼ ਉਸ ਨੂੰ ਦੁੱਧ ਹੀ ਪਿਲਾਉਂਦੀ ਸੀ ਤੇ ਬਾਕੀ ਦਾ ਕੰਮ ਲਾਲ ਸਿੰਘ ਆਪ ਕਰਦਾ, ਉਸ ਨੂੰ ਨਹਾਉਂਦਾ, ਖਿਡਾਉਂਦਾ, ਲੋਰੀ ਦਿੰਦਾ ਅਤੇ ਕਈ ਵਾਰ ਉਹ ਆਪਣੇ ਨਾਲ ਹੀ ਸੁਆ ਲੈਂਦਾ। ਇੱਥੋਂ ਤੱਕ ਉਸ ਦੇ ਪੋਤੜੇ ਵੀ ਬਦਲਦਾ। ਉਸ ਦਾ ਨਾਂ ਪਰਮਿੰਦਰ ਰੱਖਿਆ ਗਿਆ ਸੀ ਪਰ ਉਹ ਉਸ ਨੂੰ ਪਿਆਰ ਨਾਲ ਪੰਮੀ ਕਹਿੰਦਾ। ਗੁਰਬਖ਼ਸ਼ ਕੌਰ ਨੂੰ ਲਾਲ ਸਿੰਘ ਤੇ ਕਈ ਵਾਰ ਹਾਸਾ ਵੀ ਆਉਂਦਾ ਤੇ ਕਈ ਵਾਰ ਗੁੱਸਾ ਵੀ। ਉਹ ਕਈ ਵਾਰ ਮਹਿਸੂਸ ਕਰਦੀ ਕਿ ਲਾਲ ਸਿੰਘ ਉਸ ਉੱਤੇ ਥੋਪ ਦਿੱਤਾ ਗਿਆ ਸੀ। ਉਸ ਨੂੰ ਕਈ ਵਾਰ ਲਾਲ ਸਿੰਘ ਨਾਲ ਨਫ਼ਰਤ ਵੀ ਹੁੰਦੀ। ਪੰਮੀ ਦੇ ਆਉਣ ਤੋਂ ਮਗਰੋਂ ਲਾਲ ਸਿੰਘ ਕੰਮ ਤੋਂ ਹੋਰ ਵੀ ਅਵੇਸਲਾ ਹੋ ਗਿਆ ਸੀ। ਦੂਜੀ ਗੱਲ ਗੁਰਬਖ਼ਸ਼ ਕੌਰ ਟੀਚਰ ਲਗ ਗਈ ਸੀ ਤੇ ਉਹ ਇਹ ਨਹੀਂ ਸੀ ਚਾਹੁੰਦੀ ਕਿ ਲੋਕ ਉਸ ਨੂੰ ਮਿਹਣੇ ਮਾਰਨ ਕਿ ਉਸ ਦਾ ਪਤੀ ਸਬਜ਼ੀ ਦਾ ਛਾਬਾ ਚੁਕਦਾ ਹੈ। ਕਈ ਵਾਰ ਤਕਰਾਰ ਵੀ ਹੁੰਦੀ ਤੇ ਉਹ ਇੱਥੋਂ ਤੱਕ ਕਹਿ ਦਿੰਦੀ "ਮਗਰੋਂ ਲਹੁ ਮੈਂਡੇ, ਜੁਧਰ ਜੁਲਨਾ ਈਂ ਜੁਲ – ਮੈਂਡਾ ਪਿੱਛਾ ਛੋੜ – ਮਿੰਘੀ ਤੈਂਡੇ ਬਿਨਾਂ ਖਰੀ।"

ਲਾਲ ਸਿੰਘ ਨੂੰ ਜਿਵੇਂ ਹੱਥਕੜੀਆਂ ਵਿਚ ਜਕੜ ਦਿੱਤਾ ਗਿਆ ਸੀ। ਉਹ ਘਰ ਛੱਡਣਾ ਚਾਹੁੰਦਾ ਹੋਇਆ ਵੀ ਨਾ ਛੱਡ ਸਕਿਆ। ਝਗੜੇ ਸਮੇਂ ਉਹ ਦੜ ਵੱਟ ਜਾਂਦਾ ਤੇ ਗੁਰਬਖ਼ਸ਼ ਕੌਰ ਵੀ ਕੁੱਝ ਢਿੱਲੀ ਪੈ ਜਾਂਦੀ। ਉਹ ਕਹਿ ਤੇ ਛੋੜਦੀ ਪਰ ਅੰਦਰੇਆਂ ਡਰਦੀ "ਉਹ ਘਲਿਆ ਕੀਆਂ ਰਹਿਸੀ ਤੇ ਕੀਆਂ ਸਾਂਭਸੀ ਘਰੇ ਨੀਆਂ ਜ਼ਿੰਮੇਦਾਰੀਆਂ? ਮਰਦੇ ਨਾਲ ਸੌ ਇੱਜ਼ਤ, ਮਾਣ ਨੇ – ਨਾ ਕਿਸੀ ਕਾ ਡਰ ਨਾ ਡਰਾ-ਕਲੀ ਜ਼ਨਾਨੀ ਕੀ ਤੇ ਲੋਕ ਈਆਂ ਈ ਨੀਂ ਛੋੜਦੇ"।

ਕਾਰਨ ਸਪੱਸ਼ਟ ਸੀ ਕਿ ਉਹ ਇਕੱਲੀ ਕਿਵੇਂ ਰਹੇਗੀ ਤੇ ਘਰ-ਪਰਿਵਾਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਇਕੱਲੀ ਕਿਵੇਂ ਸਾਂਭੇਗੀ? ਪੰਮੀ ਜਦੋਂ ਤਿੰਨ ਕੁ ਸਾਲ ਦੀ ਹੋਈ ਸੀ ਉਹ ਫਿਰ ਗਰਭਵਤੀ ਹੋ ਗਈ। ਉਸ ਸੋਚਿਆ ਉਹ ਗਰਭ ਗਿਰਵਾ ਦੇਵੇਗੀ। ਲਾਲ ਸਿੰਘ ਨੂੰ ਪਤਾ ਲੱਗਾ ਤਾਂ ਉਹ ਉਸ ਦੇ ਪੈਰੀਂ ਪੈ ਗਿਆ। ਇਹ ਪਾਪ ਨ੍ਹੀ ਕਰੀਂ "ਅਗ੍ਹਾਂ ਤੋਂ ਮੈਂ ਤੁਘੀ ਹੱਥ ਬੀ ਨੀਂ ਲ੍ਹਾਣ ਲੱਗਾ ਤੁਘੀ ਰੱਬ ਦਾ ਵਾਸਤਾ ਈ।" ਉਸ ਨੇ ਇਹ ਵੀ ਭਰੋਸਾ ਦਿੱਤਾ ਕਿ ਇਸ ਮਗਰੋਂ ਉਹ ਅਜਿਹਾ ਕੁਝ ਨਹੀਂ ਕਰੇਗਾ। ਲਾਲ ਸਿੰਘ ਨੂੰ ਮੁੰਡੇ ਦੀ ਉਮੀਦ ਸੀ। ਪਰ ਗੁਰਬਖ਼ਸ਼ ਕੌਰ ਨੇ ਇੱਕ ਹੋਰ ਕੁੜੀ ਨੂੰ ਜਨਮ ਦਿੱਤਾ ਤੇ ਉਸ ਦਾ ਨਾਂ ਸਤਿੰਦਰ ਰੱਖਿਆ ਗਿਆ। ਲਾਲ ਸਿੰਘ ਨੂੰ ਸਬਜ਼ੀ ਦੇ ਕੰਮ ਤੋਂ ਹਟਾ ਲਿਆ ਗਿਆ ਸੀ ਤੇ ਉਹ ਹੁਣ ਘਰ ਦੇ ਸਾਰੇ ਕੰਮ ਕਰਦਾ ਸੀ। ਵੱਡੇ ਬੱਚਿਆਂ ਨੂੰ ਸਕੂਲ ਛੱਡਣ ਜਾਣਾ, ਛੋਟੀਆਂ ਕੁੜੀਆਂ ਨੂੰ ਨਹਾਉਣਾ-ਧੁਆਉਣਾ, ਕੱਪੜੇ ਧੋਣਾ, ਬਜ਼ਾਰੋਂ ਸਬਜ਼ੀ, ਸੌਦਾ-ਪੱਤਾ ਲਿਆਉਣਾ। ਸਬਜ਼ੀ ਵੀ ਲਗਭਗ ਉਹ ਆਪ ਹੀ ਰਿੰਨ ਲੈਂਦਾ ਸੀ ਤੇ ਦੁਪਹਿਰ ਦੀਆਂ ਰੋਟੀਆਂ ਵੀ ਉਸ ਨੇ ਬਣਾ ਕੇ ਰੱਖ ਦੇਣੀਆਂ। ਗੁਰਬਖ਼ਸ਼ ਕੌਰ ਦੇ ਦੋ ਹੀ ਕੰਮ ਸਨ- ਸਕੂਲ ਵਿਚ ਪੜ੍ਹਾਉਣਾ ਤੇ ਸਵੇਰੇ ਕੀਰਤਨ ਕਰਨਾ। ਕਦੇ-ਕਦਾਈਂ ਉਸ ਦਾ ਦਿਲ ਕਰਦਾ ਤਾਂ ਸ਼ਾਮ ਨੂੰ ਉਹ ਫੁਲਕੇ ਬਣਾ ਦਿੰਦੀ। ਦੂਜੀ ਕੁੜੀ ਹੋਣ ਤੋਂ ਮਗਰੋਂ ਲਾਲ ਸਿੰਘ ਤੇ ਗੁਰਬਖ਼ਸ਼ ਕੌਰ ਦਾ ਰਿਸ਼ਤਾ ਸਿਰਫ਼ ਵਿਖਾਵੇ ਦੇ ਤੌਰ 'ਤੇ ਪਤੀ-ਪਤਨੀ ਵਾਲਾ ਰਹਿ ਗਿਆ। ਜੇ ਗੁਰਬਖ਼ਸ਼ ਕੌਰ ਇਕ ਕਮਰੇ ਵਿਚ ਸੌਂਦੀ ਤਾਂ ਲਾਲ ਸਿੰਘ ਦੂਜੇ ਕਮਰੇ ਵਿੱਚ। ਜਦੋਂ ਲਾਲ ਸਿੰਘ ਹੇਠਾਂ ਮੰਜੀ ਪਾਉਂਦਾ ਤਾਂ ਗੁਰਬਖ਼ਸ਼ ਕੌਰ ਛੱਤ 'ਤੇ। ਇਕ ਦੂਜੇ ਨੂੰ ਸਤਿ ਸ੍ਰੀ ਅਕਾਲ ਵੀ ਉਹ ਘੱਟ ਵੱਧ ਹੀ ਕਰਦੇ। ਲਾਲ ਸਿੰਘ ਨੂੰ ਜੇ ਪੈਸੇ ਦੀ ਲੋੜ ਹੁੰਦੀ ਤਾਂ ਉਹ ਗੁਰਬਖ਼ਸ਼ ਕੌਰ ਕੋਲੋਂ ਪੈਸੇ ਮੰਗਣ ਲਈ ਹੀ ਜਾਂਦਾ। ਗੁਰਬਖ਼ਸ਼ ਕੌਰ ਉਸ ਨਾਲ ਸਿਰਫ਼ ਉਦੋਂ ਹੀ ਗੱਲ ਕਰਦੀ ਜਦੋਂ ਉਸ ਨੇ ਲਾਲ ਸਿੰਘ ਨੂੰ ਕਿਸੇ ਕੰਮ ਲਈ ਬਾਹਰ ਭੇਜਣਾ ਹੁੰਦਾ। ਪਰ ਦੋ ਕੁੜੀਆਂ ਲਾਲ ਸਿੰਘ ਦੀਆਂ ਹੁਣ ਆਪਣੀਆਂ ਸਨ। ਇਸ ਲਈ ਚਾਰੇ ਬੱਚਿਆਂ ਨੂੰ ਅੰਤਾਂ ਦਾ ਪਿਆਰ ਦਿੰਦਾ। ਉਸ ਨੂੰ ਆਪਣੀ ਭੂਆ ਦੇ ਮੁੰਡੇ ਦੇ ਬੱਚੇ ਭੁਪਿੰਦਰ ਤੇ ਹਰਿੰਦਰ ਵੀ ਘੱਟ ਪਿਆਰੇ ਨਹੀਂ ਸਨ।

ਭੁਪਿੰਦਰ ਤੇ ਹਰਿੰਦਰ ਉਸ ਨੂੰ ਸ਼ੁਰੂ ਤੋਂ ਹੀ ਚਾਚਾ ਕਹਿ ਕੇ ਬੁਲਾਉਂਦੇ ਸਨ। ਜਦੋਂ ਪਰਮਿੰਦਰ ਤੇ ਸਤਿੰਦਰ ਵੱਡੀਆਂ ਹੋਈਆਂ ਤਾਂ ਉਹ ਵੀ ਉਸ ਨੂੰ ਚਾਚਾ ਹੀ ਕਹਿ ਕੇ ਬੁਲਾਉਣ ਲਗੀਆਂ। ਲਾਲ ਸਿੰਘ ਦਾ ਮਨ ਕਹਿੰਦਾ ਸੀ ਕਿ ਘੱਟੋ-ਘੱਟ ਪਰਮਿੰਦਰ ਤੇ ਸਤਿੰਦਰ ਉਸ ਨੂੰ ਦਾਰ ਜੀ ਜਾਂ ਪਿਤਾ ਜੀ ਕਹਿਣ। ਪਰ ਉਹ ਇਸ 'ਤੇ ਵੀ ਸਬਰ ਕਰ ਜਾਂਦਾ ਕਿ ਚਲੋ ਕੀ ਫ਼ਰਕ ਪੈਂਦਾ ਹੈ।

ਸਮਾਂ ਗੁਜ਼ਰਦਾ ਗਿਆ। ਪਰਮਿੰਦਰ ਜਦੋਂ ਚਾਰ ਸਾਲ ਦੀ ਹੋਈ ਤਾਂ ਗੁਰਬਖ਼ਸ਼ ਕੌਰ ਨੇ ਉਸ ਨੂੰ ਸਕੂਲ ਦਾਖ਼ਲ ਕਰਵਾ ਦਿੱਤਾ। ਦੋ ਕੁ ਸਾਲ ਮਗਰੋਂ ਛੋਟੀ ਸਤਿੰਦਰ ਨੂੰ ਵੀ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਇਕ ਦਿਨ ਲਾਲ ਸਿੰਘ ਦੋਵੇਂ ਬੱਚੀਆਂ ਨੂੰ ਸਕੂਲ ਛੱਡਣ ਲਈ ਗਿਆ। ਉਥੋਂ ਦੇ ਮੁੱਖ ਅਧਿਆਪਕ ਨੇ ਉਸ ਨੂੰ ਬੁਲਾਇਆ ਤੇ ਕਿਹਾ ਕਿ ਉਹ ਫਾਰਮ ਤੇ ਦਸਤਖ਼ਤ ਕਰ ਦੇਵੇ। ਲਾਲ ਸਿੰਘ ਨੇ ਜਦੋਂ ਫਾਰਮ ਪੜ੍ਹਿਆ ਤੇ ਉਸ 'ਤੇ ਜਿਵੇਂ ਬਿਜਲੀ ਡਿੱਗ ਪਈ ਹੋਵੇ। ਉਸ ਨੂੰ ਚੱਕਰ ਆਉਣ ਲੱਗੇ। ਉਸ ਨੇ ਵੇਖਿਆ ਕਿ ਪਰਮਿੰਦਰ ਤੇ ਸਤਿੰਦਰ ਜੋ ਪੰਜਵੀਂ ਤੇ ਤੀਜੀ ਜਮਾਤ ਵਿੱਚ ਹੋ ਗਈਆਂ ਸਨ ਉਨ੍ਹਾਂ ਦੇ ਫਾਰਮਾਂ ਤੇ ਪਿਤਾ ਵਾਲੇ ਖ਼ਾਨੇ ਵਿਚ ਉਸ ਦਾ ਨਾਂ ਨਹੀਂ ਸੀ ਸਗੋਂ ਉਸ ਦੇ ਸਵਰਗਵਾਸੀ ਮਾਮੇ ਦੇ ਮੁੰਡੇ ਜੁਗਿੰਦਰ ਸਿੰਘ ਦਾ ਨਾਂ ਸੀ। ਉਹ ਐਨਕ ਠੀਕ ਕਰਦਾ,

ਥਰਥਰਾਉਂਦਾ, ਮੱਥੇ ਦਾ ਪਸੀਨਾ ਪੂੰਝਦਾ ਘਰ ਵਾਪਸ ਆ ਗਿਆ। ਜਦੋਂ ਗੁਰਬਖ਼ਸ਼ ਕੌਰ ਆਈ ਤਾਂ ਉਹ ਉਬਲ ਪਿਆ- "ਤੁਘੀ ਸਮਝ ਆਈ ਕਿ ਨੀ? ਮਿਘੀ ਜੀਂਦੇ ਕੀ ਮਾਰ ਮਕਾਈ ਛੋੜਿਆ ਈ..... ਬੱਚੀਆਂ ਦੇ ਨਾਂ ਨਾਲ ਮੇਰਾ ਨਾਂ ਨਹੀਂ।" ਗੁਰਬਖ਼ਸ਼ ਕੌਰ ਨੇ ਇਕ ਵਾਰ ਉੱਪਰ ਵੇਖਿਆ ਤੇ ਫਿਰ ਦੰਦੀਆਂ ਪੀਸਦੇ ਹੋਏ ਕਿਹਾ, "ਮਿਘੀ ਜੀਂਦੇ ਜਾਗਦੇ ਕੀ ਮਾਰ ਮੁਕਾਈ ਛੋੜੇਆ ਤੈ ਉਹ ਮਰਿਆ ਬੰਦਾ ਮੈਂਡੀਆਂ ਧੀਉਂ ਨਾ ਪਿਉ ਬਣੀ ਗੇਆ"? "ਤੁਸੀਂ ਜੋ ਕਰੀ ਸਕਦੇ ਓ ਕਰੀ ਲੋ- ਮਿਘੀ ਜੋ ਮੈਡੇਂ ਦਿਲੇ ਭਾਇਆ ਉਹ ਮੈਂ ਕਰੀ ਛੋੜਿਆ ਹੁਣ ਜੋ ਮਰਜੀ ਐ ਕਰੀ ਲੋ- ਜੁਥੈ ਮਰਜ਼ੀ ਟਕਰਾ ਮਾਰੋ-ਚਾਹੇ ਮੱਥਾ ਭੰਨੋ।..."

ਲਾਲ ਸਿੰਘ ਨੇ ਉਸ ਦਿਨ ਨਾ ਕੁਝ ਖਾਇਆ ਤੇ ਨਾ ਹੀ ਪਕਾਇਆ। ਗੁਰਬਖ਼ਸ਼ ਕੌਰ ਨੇ ਆਪ ਖਾਣਾ ਬਣਾਇਆ ਤੇ ਉਸ ਨੂੰ ਪੁੱਛਿਆ ਵੀ ਨਾ। ਭੁਪਿੰਦਰ ਜਦੋਂ ਖਾਣਾ ਲੈ ਕੇ ਉਸ ਕੋਲ ਗਿਆ ਤਾਂ ਉਸ ਨੇ ਖਾਣੇ ਦੀ ਥਾਲੀ ਭੁਆ ਕੇ ਭੁੰਜੇ ਦੇ ਮਾਰੀ। ਗੁਰਬਖ਼ਸ਼ ਕੌਰ ਸੁਣਦੀ ਰਹੀ, ਪਰ ਉਹ ਕੁਝ ਨਾ ਬੋਲੀ।

ਲਾਲ ਸਿੰਘ ਰਾਤ ਨੂੰ ਮੰਜੀ 'ਤੇ ਲੇਟ ਗਿਆ ਤੇ ਸਾਰੀ ਰਾਤ ਜਾਗ ਕੇ ਕੱਟੀ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ। ਇਕ ਵਾਰ ਉਸ ਦਾ ਦਿਲ ਕੀਤਾ ਕਿ ਉਹ ਕਿਰਪਾਨ ਚੁਕੇ ਅਤੇ ਗੁਰਬਖ਼ਸ਼ ਕੌਰ ਤੇ ਬੱਚਿਆਂ ਨੂੰ ਕਤਲ ਕਰਕੇ ਆਪਣੇ-ਆਪ ਨੂੰ ਪੁਲਿਸ ਦੇ ਹਵਾਲੇ ਕਰ ਦੇਵੇ। ਪਰ ਫਿਰ ਉਸ ਸੋਚਿਆ ਕਿ ਇਸ ਵਿਚ ਬੱਚਿਆਂ ਦਾ ਕੀ ਕਸੂਰ? ਫਿਰ ਉਸ ਨੇ ਗੁਰਬਖ਼ਸ਼ ਕੌਰ ਨੂੰ ਮਾਰਨ ਬਾਰੇ ਸੋਚਿਆ। ਅੰਦਰ ਗਿਆ ਤੇ ਉਸ ਨੇ ਕਿਰਪਾਨ ਚੁਕੀ, ਪਰ ਕਿਰਪਾਨ ਉੱਥੇ ਹੀ ਰੱਖ ਦਿੱਤੀ। "ਸੋਚਿਆ ਜੇ ਗੁਰਬਖ਼ਸ਼ ਆ ਮਾਰੀ ਛੋੜਿਆ, ਮਿਘੀ ਜੇਲ੍ਹ ਜਾਣਾ ਪੈਸੀ ਬੱਚਿਆਂ ਨਾ ਕੇ ਬਣਸੀ? ਕੁਸ ਦੇਣਾ ਏ ਦਿਲਾਸਾ ਤੇ ਕੁਸ ਕਰਨੀ ਐ ਉਨ੍ਹਾਂ ਨੀ ਦੇਖ ਭਾਲ।"

